# ਜਿਨਸੀ ਅਪਰਾਧਾਂ ਦੀ ਰਿਪੋਰਟ ਪੁਲੀਸ ਨੂੰ ਕਰਨਾ

ਜੇਕਰ ਤੁਸੀਂ ਜਿਨਸੀ ਅਪਰਾਧ ਦੀ ਰਿਪੋਰਟ ਪੁਲੀਸ ਨੂੰ ਕਰਨ ਦਾ ਫੈਸਲਾ ਕਰ ਲਿਆ ਹੈ, ਤੁਹਾਡੇ ਨਾਲ ਇੱਜ਼ਤ, ਨਿਮਰਤਾ ਅਤੇ ਸਨਮਾਨ ਵਾਲਾ ਵਤੀਰਾ ਕੀਤਾ ਜਾਵੇਗਾ। ਤੁਸੀਂ ਸਾਡੇ ਕੋਲੋਂ ਹੇਠ ਲਿਖਿਆਂ ਦੀ ਉਮੀਦ ਕਰ ਸਕਦੇ ਹੋ।

- **ਭਲਾਈ, ਸੁਰੱਖਿਆ ਅਤੇ ਇੱਜ਼ਤ** | ਤੁਹਾਡੀ ਭਲਾਈ ਅਤੇ ਸੁਰੱਖਿਆ ਸਾਡੀ ਪਹਿਲ ਹੈ। ਅਸੀਂ ਤੁਹਾਨੂੰ ਬਿਨਾਂ ਫੈਸਲਾ ਲਿਆਂ ਸੁਣਾਂਗੇ ਅਤੇ ਤੁਹਾਡੇ ਨਾਲ ਨਿਮਰਤਾ, ਇੱਜ਼ਤ ਅਤੇ ਸਨਮਾਨ ਵਾਲਾ ਵਤੀਰਾ ਕੀਤਾ ਜਾਵੇਗਾ। ਤੁਹਾਡੇ ਸਭਿਆਚਾਰਕ ਪਿਛੋਕੜ ਅਤੇ ਕੋਈ ਵਿਅਕਤੀਗਤ ਸੁਰੱਖਿਆ ਅਤੇ/ਜਾਂ ਪਹੁੰਚ ਵਾਲੀਆਂ ਲੋੜਾਂ ਜੇ ਤੁਹਾਡੀਆਂ ਕੋਈ ਹੋਣ, ਅਸੀਂ ਉਹਨਾਂ ਦੀ ਇੱਜ਼ਤ ਕਰਾਂਗੇ। ਇਹ ਫੈਸਲਾ ਲੈਣ ਲੱਗਿਆਂ ਕਿ ਕੀ ਵਿਹਾਰਕ ਤਫਤੀਸ਼ ਕਰਨੀ ਹੈ, ਤੁਹਾਡੇ ਨਾਲ ਵਿਚਾਰ ਕੀਤਾ ਜਾਵੇਗਾ ਅਤੇ ਤੁਹਾਡੇ ਵਿਚਾਰਾਂ ਨੂੰ ਸਨਮਾਨ ਦਿੱਤਾ ਜਾਵੇਗਾ ਅਤੇ ਵਿਚਾਰਿਆ ਜਾਵੇਗਾ।
- **ਸਹਾਇਤਾ ਸੇਵਾਵਾਂ ਬਾਰੇ ਜਾਣਕਾਰੀ** | ਅਸੀਂ ਤੁਹਾਡੀਆਂ ਅਣਵਿਹਾਰਕ ਅਤੇ ਵਿਹਾਰਕ ਲੋੜਾਂ ਬਾਰੇ ਤੁਹਾਡੇ ਨਾਲ ਵਿਚਾਰ ਕਰਾਂਗੇ। ਤੁਹਾਨੂੰ ਜ਼ੁਰਮ ਸਹਿਣ ਵਾਲਿਆਂ ਅਤੇ ਸਹਾਇਤਾ ਏਜੰਸੀਆਂ ਦੇ ਨਾਲ ਜੋੜ ਕੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਤੁਹਾਡੇ ਲਈ ਢੁਕਵੀਂ ਸਹਾਇਤਾ ਥਾਂ ਸਿਰ ਹੈ, ਅਸੀਂ ਤੁਹਾਡੇ ਨਾਲ ਹਿੱਸੇਦਾਰੀ ਵਿੱਚ ਕੰਮ ਕਰਾਂਗੇ।
- **ਸਹਿਯੋਗੀ ਵਿਅਕਤੀ ਵੱਲੋਂ ਸਹਾਇਤਾ** | ਸਾਡੇ ਨਾਲ ਵਰਤਣ ਦੇ ਸਾਰੇ ਸਮੇਂ ਦੇ ਦੌਰਾਨ ਤੁਸੀਂ ਆਪਣੀ ਪਸੰਦ ਦਾ ਸਹਿਯੋਗੀ ਵਿਅਕਤੀ ਚੁਣ ਸਕਦੇ ਹੋ। ਇਹ ਮਹੱਤਵਪੂਰਣ ਹੈ ਕਿ ਤੁਹਾਡਾ ਸਹਿਯੋਗੀ ਵਿਅਕਤੀ ਮਾਮਲੇ ਦੇ ਵਿੱਚ ਗਵਾਹ ਨਾ ਹੋਵੇ ਅਤੇ ਪੁਲੀਸ ਦੀ ਤਫਤੀਸ਼ ਵਿੱਚ ਅੜਿੱਕਾ ਨਾ ਬਣੇ।
- **ਪੁਲੀਸ ਦੇ ਨਾਲ ਸੰਪਰਕ** | ਤੁਹਾਡੀ ਤਫਤੀਸ਼ ਨੂੰ ਇਕ ਮਾਹਰ ਪੁਲੀਸ ਵਾਲੇ ਦੁਆਰਾ ਸੰਭਾਲਿਆ ਜਾਵੇਗਾ ਜੋ ਕਿ ਤੁਹਾਡਾ ਮੁੱਖ ਸੰਪਰਕ ਹੋਵੇਗਾ। ਉਹਨਾਂ ਦੇ ਸੰਪਰਕ ਵੇਰਵਿਆਂ ਨੂੰ ਇਸ ਕਿਤਾਬਚੇ ਦੇ ਸਫਾ 5 ਉਪਰ ਲਿਖਿਆ ਜਾ ਸਕਦਾ ਹੈ।
- **ਤਫਤੀਸ਼ ਦੇ ਬਾਰੇ ਜਾਣਕਾਰੀ** | ਅਸੀਂ ਤੁਹਾਡੇ ਨਾਲ ਵਿਚਾਰ ਕਰਾਂਗੇ ਕਿ ਤੁਸੀਂ ਤਫਤੀਸ਼ ਦੇ ਦੌਰਾਨ ਕਿਸ ਤਰ੍ਹਾਂ ਚਾਹੋਗੇ ਕਿ ਅਸੀਂ ਤੁਹਾਨੂੰ ਜਾਣਕਾਰੀ ਦੇਈਏ ਅਤੇ ਜਿਵੇਂ ਸਹਿਮਤੀ ਹੋਈ ਹੋਵੇ, ਤੁਹਾਨੂੰ ਤਾਜ਼ਾ ਜਾਣਕਾਰੀ ਦਿੰਦੇ ਰਹਾਂਗੇ। ਜੇਕਰ ਤੁਹਾਡੇ ਕੋਈ ਸਵਾਲ ਹੋਣ ਅਸੀਂ ਉਹਨਾਂ ਦੇ ਜਵਾਬ ਦੇਣ ਵਾਸਤੇ ਉਪਲਬਧ ਰਹਾਂਗੇ।
- **ਰਿਪੋਰਟ ਕਰਨੀ ਕਦੇ ਵੀ ਲੇਟ ਨਹੀਂ ਹੁੰਦੀ** | ਜਿਨਸੀ ਅਪਰਾਧਾਂ ਨੂੰ ਰਿਪੋਰਟ ਕਰਨ ਵਿੱਚ ਸਮੇਂ ਦੀ ਕੋਈ ਸੀਮਾ ਨਹੀਂ ਹੁੰਦੀ ਹੈ। ਮਾਹਰ ਪੁਲੀਸ ਵਾਲਿਆਂ ਨੂੰ ਜਿਨਸੀ ਅਪਰਾਧਾਂ ਦੀ ਤਫਤੀਸ਼ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ ਭਾਂਵੇਂ ਉਹ ਜਦੋਂ ਮਰਜ਼ੀ ਹੋਏ ਹੋਣ।

## ਇਸ ਕਿਤਾਬਚੇ ਦੇ ਬਾਰੇ

ਇਹ ਕਿਤਾਬਚਾ ਵਿਆਖਿਆ ਕਰਦਾ ਹੈ ਕਿ ਜਿਨਸੀ ਅਪਰਾਧ ਕੀ ਹੁੰਦੇ ਹਨ, ਜੇਕਰ ਤੁਸੀਂ ਜਿਨਸੀ ਅਪਰਾਧ ਦੀ ਪੁਲੀਸ ਨੂੰ ਰਿਪੋਰਟ ਕਰਨ ਦਾ ਫੈਸਲਾ ਕਰਦੇ ਹੋ ਤਾਂ ਕੀ ਉਮੀਦ ਕਰ ਸਕਦੇ ਹੋ, ਤਫਤੀਸ਼ ਦੇ ਦੌਰਾਨ ਅਤੇ ਅਦਾਲਤ ਦੇ ਵਿੱਚ ਕੀ ਹੁੰਦਾ ਹੈ, ਅਤੇ ਤੁਹਾਡੇ ਲਈ ਉਪਲਬਧ ਸਹਿਯੋਗੀ ਵਿਕਲਪ।

ਇਸ ਕਿਤਾਬਚੇ ਵਿੱਚ ਵਰਤੀ ਗਈ ਕੁਝ ਸ਼ਬਦਾਵਲੀ ਤੋਂ ਹੋ ਸਕਦਾ ਹੈ ਕਿ ਤੁਸੀਂ ਨਾਵਾਕਫ ਹੋ ਅਤੇ ਵੱਖ ਵੱਖ ਸੰਸਥਾਂਵਾਂ ਅਤੇ ਏਜੰਸੀਆਂ ਦੁਆਰਾ ਵਰਤੀ ਜਾਂਦੀ ਭਾਸ਼ਾ ਵਿੱਚ ਫਰਕ ਹੋ ਸਕਦਾ ਹੈ। **ਇਸ ਕਿਤਾਬਚੇ ਦੇ ਸਫਾ 5 ਉਪਰ ਤੁਸੀਂ ਸ਼ਬਦਾਵਲੀ ਲੱਭ ਸਕਦੇ ਹੋ।**

## ਜਿਨਸੀ ਅਪਰਾਧ ਕੀ ਹੈ?

**ਇਕ ਜਿਨਸੀ ਅਪਰਾਧ ਉਦੋਂ ਵਾਪਰਦਾ ਹੈ ਜਦੋਂ ਕੋਈ ਜਿਨਸੀ ਕਿਰਿਆ ਜਾਂ ਕਿਰਿਆਵਾਂ ਨੂੰ ਸਹਿਮਤੀ ਨਹੀਂ ਦਿੰਦਾ ਹੈ।**

ਜਿਨਸੀ ਅਪਰਾਧਾਂ ਨੂੰ ਬਹੁਤ ਤਰ੍ਹਾਂ ਦੇ ਜਿਨਸੀ ਵਿਵਹਾਰਾਂ ਨਾਲ ਜੋੜਿਆ ਜਾਂਦਾ ਹੈ ਜੋ ਕਿ ਇਕ ਵਿਅਕਤੀ ਨੂੰ ਬੇਆਰਾਮਾ, ਡਰ ਜਾਂ ਧਮਕੀ ਅਧੀਨ ਮਹਿਸੂਸ ਕਰਵਾਉਂਦਾ ਹੈ ਅਤੇ ਇਸ ਵਿੱਚ ਬਲਾਤਕਾਰ, ਜਿਨਸੀ ਹਮਲਾ ਅਤੇ ਬੱਚੇ ਨਾਲ ਜਿਨਸੀ ਦੁਰਵਿਵਹਾਰ ਸ਼ਾਮਲ ਹੋ ਸਕਦੇ ਹਨ।

ਜਿਨਸੀ ਅਪਰਾਧ ਸਹਿਣ ਵਾਲਿਆਂ ਦੇ ਅਕਸਰ ਜਾਨਣ ਵਾਲਿਆਂ, ਅਤੇ ਵਿਸ਼ਵਾਸ਼ ਕਰਨ ਵਾਲਿਆਂ, ਅਤੇ ਜੋ ਉਹਨਾਂ ਦੇ ਨੇੜੇ ਹੁੰਦੇ ਹਨ, ਦੁਆਰਾ ਕੀਤੇ ਜਾਂਦੇ ਹਨ। ਜਿਨਸੀ ਅਪਰਾਧ ਕਿਧਰੇ ਵੀ ਵਾਪਰ ਸਕਦੇ ਹਨ। ਇਹ ਪਰਿਵਾਰ ਦੇ ਘਰ ਵਿੱਚ, ਭਾਈਚਾਰਕ ਅਤੇ ਸੰਸਥਾਂਵਾਂ (ਜਿਵੇਂ ਕਿ ਸਕੂਲ, ਗਿਰਜਾਘਰਾਂ, ਕਲੱਬ, ਬਜ਼ੁਰਗਾਂ ਦੀਆਂ ਸਹੂਲਤ ਜਾਂ ਵਿਕਲਾਂਗਤਾ ਵਾਲੀ ਸੇਵਾ) ਵਿੱਚ ਹੋ ਸਕਦੇ ਹਨ। ਜਿਨਸੀ ਅਪਰਾਧ ਇਕ ਵਾਰੀ ਹੋ ਸਕਦਾ ਹੈ ਜਾਂ ਇਹ ਲੰਮੇ ਸਮੇਂ ਦੇ ਦੌਰਾਨ ਵਾਰ ਵਾਰ ਹੋ ਸਕਦੇ ਹਨ।

## ਵਿਸ਼ਾ ਸੂਚੀ


| | |
|---|---|
| 1 | ਇਸ ਕਿਤਾਬਚੇ ਦੇ ਬਾਰੇ |
| 1 | ਜਿਨਸੀ ਅਪਰਾਧ ਕੀ ਹੈ? |
| 2 | ਜਿਨਸੀ ਅਪਰਾਧਾਂ ਦੀ ਰਿਪੋਰਟ ਪੁਲੀਸ ਨੂੰ ਕਰਨਾ |
| 2 | ਜੇਕਰ ਜਿਨਸੀ ਅਪਰਾਧ ਬਹੁਤ ਸਮਾਂ ਪਹਿਲਾਂ ਵਾਪਰਿਆ ਹੋਵੇ ਤਾਂ ਕੀ ਹੋਵੇਗਾ? |
| 2 | ਮੈਂ ਪੁਲੀਸ ਨੂੰ ਕਿਵੇਂ ਰਿਪੋਰਟ ਕਰ ਸਕਦਾ/ ਸਕਦੀ ਹਾਂ? |
| 2 | ਸਹਿਯੋਗੀ ਅਤੇ ਭਲਾਈ ਜਾਣਕਾਰੀ |
| 2 | ਪੁਲੀਸ ਦੀ ਤਫਤੀਸ਼ ਵਿੱਚ ਕੀ ਸ਼ਾਮਲ ਹੁੰਦਾ ਹੈ? |
| 2 | ਜੇਕਰ ਮੈਂ ਇਸ ਨੂੰ ਜਾਰੀ ਨਹੀਂ ਰੱਖਣਾ ਚਾਹੁੰਦੀ /ਚਾਹੁੰਦਾ ਤਾਂ ਕੀ ਹੋਵੇਗਾ? |
| 2 | ਆਪਣਾ ਬਿਆਨ ਰਿਕਾਰਡ ਕਰਵਾਉਣਾ |
| 3 | ਅਦਾਲਤੀ ਡਾਕਟਰੀ ਜਾਂਚ |
| 3 | ਦੂਸਰੇ ਸਬੂਤਾਂ ਨੂੰ ਇਕੱਠਾ ਕਰਨਾ |
| 3 | ਦੋਸ਼ੀ ਨਾਲ ਮੁਲਾਕਾਤ ਕਰਨੀ |
| 3 | ਸਬੂਤ ਦੀ ਜਾਂਚ |
| 3 | ਅਦਾਲਤ ਵਿੱਚ ਜਾਣਾ ਅਤੇ ਗਵਾਹਾਂ ਨੂੰ ਸਹਿਯੋਗ |
| 3 | ਪੁਲੀਸ ਦੇ ਨਾਲ ਸੰਪਰਕ ਕਰਨਾ |
| 4 | ਮੈਂ ਹੋਰ ਕਿਸ ਨਾਲ ਗੱਲ ਕਰ ਸਕਦਾ ਹਾਂ? |
| 5 | ਸ਼ਬਦਾਂ ਦਾ ਕੋਸ਼ |

## ਜਿਨਸੀ ਅਪਰਾਧਾਂ ਦੀ ਰਿਪੋਰਟ ਪੁਲੀਸ ਨੂੰ ਕਰਨਾ

### ਜਿਨਸੀ ਅਪਰਾਧਾਂ ਦੀ ਰਿਪੋਰਟ ਪੁਲੀਸ ਨੂੰ ਕਰਨਾ ਇਕ ਮਹੱਤਵਪੂਰਣ ਕਦਮ ਹੈ।

ਅਸੀਂ ਬਿਨਾਂ ਫੈਸਲਾ ਕੀਤਿਆਂ ਸੁਣਾਂਗੇ ਅਤੇ ਤੁਹਾਡੇ ਨਾਲ ਸਨਮਾਨ ਅਤੇ ਇੱਜ਼ਤ ਵਾਲਾ ਵਤੀਰਾ ਕਰਾਂਗੇ। ਸਾਡੇ ਜਾਸੂਸ ਮਾਹਰ ਹਨ ਅਤੇ ਉਹਨਾਂ ਨੂੰ ਜਿਨਸੀ ਅਪਰਾਧਾਂ ਦੀ ਗੁੰਝਲਤਾ ਅਤੇ ਵੱਖ ਵੱਖ ਤਰ੍ਹਾਂ ਦੀਆਂ ਕਿਸਮਾਂ ਨੂੰ ਸਮਝਣ ਲਈ ਸਿਖਲਾਈ ਦਿੱਤੀ ਗਈ ਹੈ।

ਤੁਹਾਨੂੰ ਇਹ ਚਿੰਤਾ ਕਰਨ ਦੀ ਲੋੜ ਨਹੀਂ ਹੈ ਕਿ ਤੁਹਾਡੇ ਨਾਲ ਵਾਪਰਿਆ, ਦੋਸ਼ ਵਾਲਾ ਅਪਰਾਧ ਹੈ ਜਾਂ ਨਹੀਂ। ਇਸ ਦਾ ਪਤਾ ਲਾਉਣਾ ਸਾਡਾ ਕੰਮ ਹੈ। ਜੋ ਤੁਹਾਡੇ ਨਾਲ ਹੋਇਆ ਹੈ ਜੇਕਰ ਤੁਸੀਂ ਉਸ ਬਾਰੇ ਚਿੰਤਤ ਹੋ, ਅਸੀਂ ਤੁਹਾਨੂੰ ਸਾਡੇ ਜਿਨਸੀ ਅਪਰਾਧਾਂ ਅਤੇ ਬੱਚਿਆਂ ਨਾਲ ਦੁਰਵਿਵਹਾਰ ਦੀਆਂ ਪੜਤਾਲ ਟੀਮਾਂ (ਐਸ ਓ ਸੀ ਆਈ ਟੀ) ਦੇ ਇਕ ਜਾਸੂਸ ਜਾਂ ਸੈਨੋ ਟਾਸਕਫੋਰਸ ਨਾਲ ਗੱਲਬਾਤ ਕਰਨ ਲਈ ਉਤਸ਼ਾਹਿਤ ਕਰਦੇ ਹਾਂ। **ਐਸ ਓ ਸੀ ਆਈ ਟੀ ਅਤੇ ਸੈਨੋ ਟਾਸਕਫੋਰਸ ਦੇ ਸੰਪਰਕ ਵੇਰਵੇ ਤੁਸੀਂ ਸਫਾ 3 ਉਪਰੋਂ ਲੱਭ ਸਕਦੇ ਹੋ।**

ਜੋ ਤੁਹਾਡੇ ਨਾਲ ਹੋਇਆ ਹੈ ਉਸ ਬਾਰੇ ਦੱਸਣ ਦਾ ਇਹ ਮਤਲਬ ਨਹੀਂ ਹੈ ਕਿ ਤੁਹਾਡਾ ਮਾਮਲਾ ਅਦਾਲਤ ਤੱਕ ਜਾਵੇਗਾ। ਅਸੀਂ ਤੁਹਾਡੇ ਵਿਕਲਪਾਂ ਨੂੰ ਤੁਹਾਡੇ ਨਾਲ ਵਿਚਾਰਾਂਗੇ ਅਤੇ ਤੁਹਾਡੇ ਵਿਚਾਰਾਂ ਨੂੰ ਵਿਚਾਰਿਆ ਜਾਵੇਗਾ ਅਤੇ ਵਿੱਚ ਸ਼ਾਮਲ ਕੀਤਾ ਜਾਵੇਗਾ।

ਅਸੀਂ ਸਮਝਦੇ ਹਾਂ ਕਿ ਆਪਣੇ ਤਜ਼ਰਬਿਆਂ ਬਾਰੇ ਸਾਨੂੰ ਰਿਪੋਰਟ ਕਰਨਾ ਔਖਾ ਹੋ ਸਕਦਾ ਹੈ। ਤੁਹਾਡੇ ਪੁਲੀਸ ਨੂੰ ਰਿਪੋਰਟ ਕਰਨ ਦੇ ਫੈਸਲੇ ਦੀ ਪਰਵਾਹ ਕੀਤੇ ਬਿਨਾਂ ਇੱਥੇ ਕੁਝ ਸਹਿਯੋਗੀ ਏਜੰਸੀਆਂ ਹਨ ਜੋ ਕਿ ਤੁਹਾਨੂੰ ਸਹਿਯੋਗ ਕਰਨ ਵਿੱਚ ਮਦਦ ਸਕਦੀਆਂ ਹਨ। **ਤੁਸੀਂ ਇਹਨਾਂ ਦੀ ਸੂਚੀ ਸਫਾ 4 ਉਪਰੋਂ ਲੱਭ ਸਕਦੇ ਹੋ।**

**ਕਿਸੇ ਤਰ੍ਹਾਂ ਦਾ ਵੀ ਜਿਨਸੀ ਅਪਰਾਧ ਗੰਭੀਰ ਹੈ।**
**ਕਾਨੂੰਨ ਦੇ ਅਧੀਨ ਹਰ ਕਿਸੇ ਨੂੰ ਸੁਰੱਖਿਆ ਦਾ ਹੱਕ ਹੈ।**

## ਜੇਕਰ ਜਿਨਸੀ ਅਪਰਾਧ ਬਹੁਤ ਸਮਾਂ ਪਹਿਲਾਂ ਵਾਪਰਿਆ ਹੋਵੇ ਤਾਂ ਕੀ ਹੋਵੇਗਾ?

### ਜਿਨਸੀ ਅਪਰਾਧਾਂ ਨੂੰ ਰਿਪੋਰਟ ਕਰਨ ਨੂੰ ਕਦੇ ਵੀ ਦੇਰ ਨਹੀਂ ਹੁੰਦੀ ਹੈ।

ਜਿਨਸੀ ਅਪਰਾਧਾਂ ਨੂੰ ਰਿਪੋਰਟ ਕਰਨ ਦਾ ਫੈਸਲਾ ਸਾਲਾਂ ਬਾਅਦ ਕਰਨਾ ਬਿਲਕੁਲ ਆਮ ਗੱਲ ਹੈ। ਅਸੀਂ ਸਮਝਦੇ ਹਾਂ ਕਿ ਬਹੁਤੇ ਲੋਕ ਜਿੰਨ੍ਹਾਂ ਨੂੰ ਜਿਨਸੀ ਅਪਰਾਧਾਂ ਦਾ ਤਜ਼ਰਬਾ ਹੋਇਆ ਹੋਵੇ ਕਿਸੇ ਨੂੰ ਇਸ ਬਾਰੇ ਦੱਸਣ ਵਿੱਚ ਦੇਰੀ ਕਰਦੇ ਹਨ ਜਾਂ ਸ਼ਾਇਦ ਕਦੇ ਵੀ ਕਿਸੇ ਨੂੰ ਨਾ ਦੱਸਣ।

ਇਸ ਗੱਲ ਨਾਲ ਫਰਕ ਨਹੀਂ ਪੈਂਦਾ ਹੈ ਕਿ ਅਪਰਾਧ ਕੁਝ ਘੰਟੇ, ਹਫਤੇ, ਮਹੀਨੇ, ਸਾਲ ਜਾਂ ਦਹਾਕੇ ਪਹਿਲਾਂ ਹੋਇਆ ਸੀ। ਸਾਡੇ ਪੁਲੀਸ ਵਾਲੇ ਇਸ ਦੀ ਤਫਤੀਸ਼ ਕਰਨਗੇ।

ਅਸੀਂ ਤੁਹਾਨੂੰ ਰਿਪੋਰਟ ਕਰਨ ਲਈ ਉਤਸ਼ਾਹਿਤ ਕਰਦੇ ਹਾਂ ਇਹ ਪਰਵਾਹ ਕੀਤੇ ਬਿਨਾਂ ਕਿ ਜਿਨਸੀ ਅਪਰਾਧ ਕਦੋਂ ਹੋਇਆ ਸੀ ਅਤੇ ਜੇਕਰ ਤੁਸੀਂ ਸੋਚਦੇ ਜਾਂ ਜਾਣਦੇ ਹੋ ਕਿ ਦੋਸ਼ੀ ਮਰ ਚੁੱਕਾ ਹੈ।

## ਮੈਂ ਪੁਲੀਸ ਨੂੰ ਕਿਵੇਂ ਰਿਪੋਰਟ ਕਰ ਸਕਦਾ/ਸਕਦੀ ਹਾਂ?

ਜਿਨਸੀ ਅਪਰਾਧਾਂ ਅਤੇ ਬੱਚਿਆਂ ਨਾਲ ਦੁਰਵਿਵਹਾਰ ਦੀਆਂ ਪੜਤਾਲ ਟੀਮਾਂ (ਐਸ ਓ ਸੀ ਆਈ ਟੀ) ਅਤੇ ਸੈਨੋ ਟਾਸਕਫੋਰਸ ਵਿੱਚਲੇ ਜਾਸੂਸ ਜਿਨਸੀ ਅਪਰਾਧਾਂ ਦੀ ਤਫਤੀਸ਼ ਕਰਨ ਵਾਸਤੇ ਖਾਸ ਤੌਰ ਤੇ ਸਿਖਲਾਈ ਪ੍ਰਾਪਤ ਹੁੰਦੇ ਹਨ।

ਜਿਨਸੀ ਅਪਰਾਧ ਦੀ ਰਿਪੋਰਟ ਪੁਲੀਸ ਨੂੰ ਕਰਨੀ:

- ਆਪਣੀ ਸਥਾਨਿਕ ਐਸ ਓ ਸੀ ਆਈ ਟੀ ਨੂੰ ਫੋਨ ਕਰੋ (ਵਿਸਥਾਰ ਲਈ ਸਫਾ 3 ਵੇਖੋ)
- ਆਪਣੇ ਸਥਾਨਿਕ ਪੁਲੀਸ ਸਟੇਸ਼ਨ ਵਿੱਚ ਜਾਓ (ਵਿਸਥਾਰ ਲਈ police.vic.gov.au/location ਉਪਰ ਜਾਓ)
- ਸੰਕਟ ਵੇਲੇ ਤਿੰਨ ਜ਼ੀਰੋ (000) ਨੂੰ ਫੋਨ ਕਰੋ।

ਬੱਚਿਆਂ ਨਾਲ ਜਿਨਸੀ ਦੁਰਵਿਵਹਾਰ (ਇਤਿਹਾਸਕ ਜਾਂ ਮੌਜੂਦਾ) ਜੋ ਕਿ ਧਾਰਮਿਕ ਜਾਂ ਸੰਸਥਾਵਾਂ ਦੇ ਅੰਦਰ ਹੋਇਆ ਹੈ, ਦੀਆਂ ਰਿਪੋਰਟਾਂ ਵੀ ਸੈਨੋ ਟਾਸਕਫੋਰਸ ਨੂੰ ਇਹਨਾਂ ਰਾਹੀਂ ਕੀਤੀਆਂ ਜਾ ਸਕਦੀਆਂ ਹਨ:

- 1800 110 007 ਉਪਰ ਫੋਨ ਕਰਕੇ
- sanotaskforce@police.vic.gov.au ਨੂੰ ਈਮੇਲ ਕਰਕੇ

ਜੇਕਰ ਤੁਸੀਂ ਸਾਡੇ ਨਾਲ ਗੱਲ ਕਰਨ ਲਈ ਤਿਆਰ ਨਹੀਂ ਹੋ, ਤੁਸੀਂ ਸਲਾਹਕਾਰ ਨਾਲ ਗੱਲ ਕਰਨ ਵਾਸਤੇ ਸੈਂਟਰ ਅਗੇਂਸਟ ਸੈਕਸੂਅਲ ਅਸਾਲਟ (ਸੀ ਏ ਐਸ ਏ) ਨਾਲ ਸੰਪਰਕ ਕਰ ਸਕਦੇ ਹੋ। **ਸੀ ਏ ਐਸ ਏ ਅਤੇ ਦੂਸਰੀਆਂ ਸਹਿਯੋਗੀ ਸੇਵਾਵਾਂ ਜੋ ਤੁਹਾਨੂੰ ਉਪਲਬਧ ਹਨ ਉਹਨਾਂ ਬਾਰੇ ਵਧੇਰੇ ਜਾਣਕਾਰੀ ਲਈ, ਸਫਾ 4 ਨੂੰ ਵੇਖੋ।**

## ਸਹਿਯੋਗੀ ਅਤੇ ਭਲਾਈ ਜਾਣਕਾਰੀ

ਇਹ ਯਕੀਨੀ ਬਨਾਉਣ ਲਈ ਕਿ ਤੁਹਾਡੇ ਕੋਲ ਉਚਿੱਤ ਸਹਾਇਤਾ ਹੈ, ਇੱਕ ਜਾਸੂਸ ਜਾਂ ਸੀ ਏ ਐਸ ਏ ਸਲਾਹਕਾਰ ਤੁਹਾਡੇ ਨਾਲ ਕੰਮ ਕਰੇਗਾ।

ਅਸੀਂ ਤੁਹਾਨੂੰ ਸਹਾਇਤਾ ਸੇਵਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਵਾਵਾਂਗੇ ਜੋ ਕਿ ਤੁਹਾਨੂੰ ਮੁਫਤ ਉਪਲਬਧ ਹਨ। ਇਹਨਾਂ ਸੇਵਾਵਾਂ ਵਿੱਚ ਸ਼ਾਮਲ ਹਨ:

- ਬਾਅਦ ਵਾਲੀ ਥੋੜ੍ਹੇ ਸਮੇਂ, ਮੱਧਮ ਸਮੇਂ ਅਤੇ ਲੰਮੇ ਸਮੇਂ ਦੀ ਸਲਾਹ ਅਤੇ ਸਹਾਇਤਾ
- ਡਾਕਟਰੀ ਸਹਾਇਤਾ ਅਤੇ ਬਾਅਦ ਵਿੱਚ ਡਾਕਟਰੀ ਇਲਾਜ
- ਤਫਤੀਸ਼ ਅਤੇ ਅਦਾਲਤੀ ਕਾਰਵਾਈ ਦੇ ਦੌਰਾਨ ਜਾਣਕਾਰੀ ਅਤੇ ਸਹਾਇਤਾ
- ਸੰਕਟ ਵੇਲੇ ਦੀ ਰਿਹਾਇਸ਼
- ਵਿਕਟਿਮ ਆਫ ਕਰਾਈਮ ਅਸਿਸਟੈਂਸ ਟ੍ਰਿਬਿਊਨਲ ਅਰਜ਼ੀਆਂ ਵਾਸਤੇ ਸਹਾਇਤਾ
- ਪਰਿਵਾਰ, ਦੋਸਤਾਂ ਅਤੇ ਸਹਿਯੋਗੀ ਵਿਅਕਤੀਆਂ ਲਈ ਜਾਣਕਾਰੀ ਅਤੇ ਸਲਾਹ।

**ਤੁਹਾਨੂੰ ਉਪਲਬਧ ਸਹਾਇਤਾ ਸੇਵਾਵਾਂ ਬਾਰੇ ਜਾਣਕਾਰੀ ਸਫਾ 4 ਉਪਰ ਉਪਲਬਧ ਹੈ।** ਤੁਹਾਡੇ ਪੁਲੀਸ ਨੂੰ ਰਿਪੋਰਟ ਕਰਨ ਦੇ ਫੈਸਲੇ ਦੀ ਪਰਵਾਹ ਕੀਤੇ ਬਿਨਾਂ ਇਹ ਸੇਵਾਵਾਂ ਤੁਹਾਨੂੰ ਉਪਲਬਧ ਹਨ।

## ਪੁਲੀਸ ਦੀ ਤਫਤੀਸ਼ ਵਿੱਚ ਕੀ ਸ਼ਾਮਲ ਹੁੰਦਾ ਹੈ?

### ਜਿਨਸੀ ਅਪਰਾਧਾਂ ਦੀਆਂ ਤਫਤੀਸ਼ਾਂ ਵਿਸ਼ੇਸ਼ ਸਿਖਲਾਈ ਪ੍ਰਾਪਤ ਜਾਸੂਸਾਂ ਦੁਆਰਾ ਕੀਤੀਆਂ ਜਾਂਦੀਆਂ ਹਨ।

ਤੁਹਾਡੀ ਤਫਤੀਸ਼ ਦੀ ਅਗਵਾਈ ਇੱਕ ਜਾਸੂਸ ਦੁਆਰਾ ਕੀਤੀ ਜਾਵੇਗੀ ਜੋ ਕਿ ਤੁਹਾਡਾ ਮੁੱਖ ਸੰਪਰਕ ਹੋਵੇਗਾ।

ਤਫਤੀਸ਼ ਦੇ ਦੌਰਾਨ ਅਸੀਂ ਤੁਹਾਨੂੰ ਹੋ ਰਹੀ ਕਾਰਵਾਈ ਦੀ ਜਾਣਕਾਰੀ ਨਾਲੋ ਨਾਲ ਦਿੰਦੇ ਰਹਾਂਗੇ ਅਤੇ ਤੁਹਾਡੇ ਕਿਸੇ ਸਵਾਲਾਂ ਜਾਂ ਤੁਹਾਡੀਆਂ ਹੋ ਸਕਣ ਵਾਲੀਆਂ ਚਿੰਤਾਵਾਂ ਵਾਸਤੇ ਉਪਲਬਧ ਹੋਵਾਂਗੇ। ਅਸੀਂ ਤੁਹਾਡੇ ਨਾਲ ਵਿਚਾਰ ਕਰ ਸਕਦੇ ਹਾਂ ਕਿ ਤਫਤੀਸ਼ ਦੇ ਦੌਰਾਨ ਤੁਸੀਂ ਕਿਵੇਂ ਚਾਹੋਗੇ ਕਿ ਅਸੀਂ ਤੁਹਾਨੂੰ ਜਾਣਕਾਰੀ ਦੇਈਏ - ਲਿਖ ਕੇ, ਫੋਨ ਰਾਹੀਂ, ਈਮੇਲ ਜਾਂ ਵਿਅਕਤੀਗਤ ਤੌਰ ਤੇ। ਜੇਕਰ ਤੁਸੀਂ ਨਾਲੋ ਨਾਲ ਜਾਣਕਾਰੀ ਨਹੀਂ ਲੈਣੀ ਚਾਹੁੰਦੇ ਹੋ, ਸਾਨੂੰ ਦੱਸ ਦਿਓ, ਜਾਂ ਇਸ ਦੀ ਥਾਂਵੇਂ ਨਾਲੋ ਨਾਲ ਜਾਣਕਾਰੀ ਤੁਹਾਡੀ ਸਹਾਇਤਾ ਕਰਨ ਵਾਲੇ ਨੂੰ ਦੇਣ ਵਾਸਤੇ ਸਾਨੂੰ ਪੁੱਛੋ।

ਪੁਲੀਸ ਦੀ ਤਫਤੀਸ਼ ਵਿੱਚ ਬਹੁਤ ਸਾਰੇ ਪੜਾਅ ਹੁੰਦੇ ਹਨ ਜਿੰਨ੍ਹਾਂ ਵਿੱਚ ਤੁਹਾਡਾ ਬਿਆਨ ਰਿਕਾਰਡ ਕਰਨਾ ਅਤੇ ਸਬੂਤ ਇਕੱਠਾ ਕਰਨਾ ਅਤੇ ਜਾਂਚ ਕਰਨੀ ਸ਼ਾਮਲ ਹੈ। **ਤਫਤੀਸ਼ ਦੇ ਵਿੱਚ ਕੀ ਸ਼ਾਮਲ ਹੁੰਦਾ ਹੈ ਬਾਰੇ ਵਧੇਰੇ ਜਾਣਕਾਰੀ ਸਫਾ 2-3 ਸਫਿਆਂ ਉਪਰ ਦਿੱਤੀ ਗਈ ਹੈ।**

## ਜੇਕਰ ਮੈਂ ਇਸ ਨੂੰ ਜਾਰੀ ਨਹੀਂ ਰੱਖਣਾ ਚਾਹੁੰਦੀ / ਚਾਹੁੰਦਾ ਤਾਂ ਕੀ ਹੋਵੇਗਾ?

ਤਫਤੀਸ਼ ਦੇ ਦੌਰਾਨ ਅਸੀਂ ਤੁਹਾਨੂੰ ਉਤਸ਼ਾਹਿਤ ਅਤੇ ਤੁਹਾਡੀ ਸਹਾਇਤਾ ਕਰਦੇ ਰਹਾਂਗੇ। ਫਿਰ ਵੀ, ਅਸੀਂ ਸਮਝਦੇ ਹਾਂ ਕਿ ਤੁਸੀਂ ਫੈਸਲਾ ਕਰ ਸਕਦੇ ਹੋ ਕਿ ਪੁਲੀਸ ਦੁਆਰਾ ਤਫਤੀਸ਼ ਤੁਹਾਡੇ ਵਾਸਤੇ ਵਧੀਆ ਵਿਕਲਪ ਨਹੀਂ ਹੈ।

ਤੁਹਾਡੇ ਦੁਆਰਾ ਜਾਰੀ ਨਾ ਰੱਖਣ ਦਾ ਫੈਸਲਾ ਕਰਨਾ ਤੁਹਾਨੂੰ ਬਾਅਦ ਵਿੱਚ ਇਸ ਨੂੰ ਦੋਬਾਰਾ ਸ਼ੁਰੂ ਕਰਨ ਤੋਂ ਨਹੀਂ ਰੋਕੇਗਾ। ਫਿਰ ਵੀ, ਤਫਤੀਸ਼ ਵਿੱਚ ਦੇਰੀ ਦੇ ਨਤੀਜੇ ਵਜੋਂ ਕੁਝ ਸਬੂਤ ਗੁਆਚ ਸਕਦੇ ਹਨ। ਜਿੱਥੇ ਕਿਧਰੇ ਭਾਈਚਾਰੇ ਦੀ ਸੁਰੱਖਿਆ ਨੂੰ ਖਤਰਾ ਹੈ, ਸਾਨੂੰ ਤਫਤੀਸ਼ ਜਾਰੀ ਰੱਖਣ ਦੀ ਫਿਰ ਵੀ ਲੋੜ ਪੈ ਸਕਦੀ ਹੈ।

ਤੁਹਾਡੇ ਫੈਸਲੇ ਦੀ ਪਰਵਾਹ ਕੀਤੇ ਬਿਨਾਂ, ਤੁਹਾਡੀ ਸੁਰੱਖਿਆ ਅਤੇ ਭਲਾਈ ਸਾਡੇ ਲਈ ਪਹਿਲ ਹੋਵੇਗੀ ਅਤੇ ਅਸੀਂ ਤੁਹਾਨੂੰ ਸਹਾਇਤਾ ਸੇਵਾਵਾਂ ਨਾਲ ਜੋੜਨ ਵਾਸਤੇ ਤੁਹਾਡੇ ਨਾਲ ਕੰਮ ਕਰਾਂਗੇ।

## ਆਪਣਾ ਬਿਆਨ ਰਿਕਾਰਡ ਕਰਵਾਉਣਾ

### ਪੁਲੀਸ ਵਾਸਤੇ ਤਫਤੀਸ਼ ਦਾ ਇਕ ਮਹੱਤਵਪੂਰਣ ਪੱਖ ਤੁਹਾਡਾ ਬਿਆਨ ਲੈਣਾ ਹੈ।

ਅਸੀਂ ਆਮ ਤੌਰ ਤੇ ਤੁਹਾਡਾ ਬਿਆਨ ਤਫਤੀਸ਼ ਦੇ ਬਹੁਤ ਸ਼ੁਰੂ ਵਿੱਚ ਇਕ ਨਿੱਜੀ ਜਗ੍ਹਾ ਉਪਰ ਲਵਾਂਗੇ। ਜੋ ਕੁਝ ਤੁਸੀਂ ਆਪਣੇ ਤਜ਼ਰਬੇ ਬਾਰੇ ਯਾਦ ਕਰ ਸਕਦੇ ਹੋ, ਜਿੰਨ੍ਹਾਂ ਕੁਝ ਵੀ ਵਿਸਥਾਰ ਵਿੱਚ ਸੰਭਵ ਹੋਵੇ, ਬਿਆਨ ਉਸ ਨੂੰ ਰਿਕਾਰਡ ਕਰਦਾ ਹੈ। ਕੀ ਹੋਇਆ ਸੀ, ਆਵਾਜ਼ਾਂ, ਬੋਆਂ, ਤੁਸੀਂ ਕਿਵੇਂ ਮਹਿਸੂਸ ਕੀਤਾ ਸੀ ਅਤੇ ਕੀ ਕੀਤਾ ਸੀ ਇਸਦੇ ਸਮੇਤ ਅਸੀਂ ਤੁਹਾਨੂੰ ਸਾਰੀਆਂ ਚੀਜ਼ਾਂ ਬਾਰੇ ਪੁੱਛਾਂਗੇ ਜੋ ਤੁਸੀਂ ਯਾਦ ਕਰ ਸਕਦੇ ਹੋ। ਕਿਸੇ ਵੀ ਚੀਜ਼ ਨੂੰ ਬਾਹਰ ਰੱਖਣ ਦੀ ਕੋਸ਼ਿਸ਼ ਨਾ ਕਰੋ। ਛੋਟੇ ਛੋਟੇ ਵੇਰਵੇ ਜੋ ਤੁਸੀਂ ਸੋਚ ਸਕਦੇ ਹੋ ਕਿ ਮਹੱਤਵਪੂਰਣ ਨਹੀਂ ਹਨ, ਸਾਨੂੰ ਤਫਤੀਸ਼ ਵਿੱਚ ਸਹਾਇਤਾ ਕਰ ਸਕਦੇ ਹਨ।

ਅਸੀਂ ਜਾਣਦੇ ਹਾਂ ਕਿ ਜਿਨਸੀ ਅਪਰਾਧਾਂ ਨੂੰ ਯਾਦ ਕਰਨਾ ਔਖਾ ਹੋ ਸਕਦਾ ਹੈ। ਨਿੱਜੀ ਅਤੇ ਸਰੀਰਕ ਨਜ਼ਦੀਕੀ ਕਿਸਮ ਦੀ ਜਾਣਕਾਰੀ ਨੂੰ ਸਾਂਝਾ ਕਰਨਾ ਸੌਖਾ ਨਹੀਂ ਹੁੰਦਾ ਹੈ। ਸਾਡੇ ਜਾਸੂਸ ਤੁਹਾਡੇ ਨਾਲ ਸਨਮਾਨ ਅਤੇ ਇੱਜ਼ਤ ਨਾਲ ਪੇਸ਼ ਆਉਣਗੇ। ਉਹ ਜਿਨਸੀ ਅਪਰਾਧਾਂ ਦੇ ਅਸਰਾਂ ਨੂੰ ਸਮਝਣ ਵਾਸਤੇ ਸਿੱਖਿਆ ਪ੍ਰਾਪਤ ਹੁੰਦੇ ਹਨ ਅਤੇ ਤੁਹਾਨੂੰ ਕਾਰਵਾਈ ਦੇ ਦੌਰਾਨ ਸਹਾਇਤਾ ਕਰਨਗੇ। ਤੁਸੀਂ ਜਜ਼ਬਾਤੀ ਸਹਾਇਤਾ ਵਾਸਤੇ ਕਿਸੇ ਸਹਿਯੋਗੀ ਵਿਅਕਤੀ ਨੂੰ ਵੀ ਨਾਲ ਰੱਖ ਸਕਦੇ ਹੋ।

ਆਪਣਾ ਬਿਆਨ ਦੇਣ ਲਈ ਤੁਹਾਨੂੰ ਜਿੰਨ੍ਹਾਂ ਸਮਾਂ ਚਾਹੀਦਾ ਹੈ, ਲਵੋ। ਇਹ ਮਹੱਤਵਪੂਰਣ ਹੈ ਕਿ ਤੁਸੀਂ ਬਿਆਨ ਦਿੰਦੇ ਸਮੇਂ ਆਰਾਮਦਾਇਕ ਮਹਿਸੂਸ ਕਰੋ। ਆਪਣਾ ਬਿਆਨ ਦੇਣ ਨੂੰ ਕਈ ਘੰਟੇ ਲੱਗ ਸਕਦੇ ਹਨ ਅਤੇ ਕਈ ਵਾਰੀ ਕਈ ਮੁਲਾਕਾਤਾਂ ਦੀ ਲੋੜ ਪੈ ਸਕਦੀ ਹੈ।

ਜਦੋਂ ਤੁਸੀਂ ਪੂਰਾ ਕਰ ਲਿਆ ਤਾਂ ਤੁਹਾਨੂੰ ਬਿਆਨ ਦੀ ਇਕ ਨਕਲ ਦਿੱਤੀ ਜਾਵੇਗੀ। ਜੇਕਰ ਤੁਹਾਨੂੰ ਬਾਅਦ ਵਿੱਚ ਕੁਝ ਯਾਦ ਆਇਆ ਜਾਂ ਤੁਸੀਂ ਬਿਆਨ ਵਿੱਚ ਕੋਈ ਗਲਤੀ ਲੱਭੀ, ਆਪਣੇ ਮਾਮਲੇ ਦਾ ਧਿਆਨ ਰੱਖਣ ਵਾਲੇ ਜਾਸੂਸ ਨਾਲ ਗੱਲ ਕਰੋ।

## ਅਦਾਲਤੀ ਡਾਕਟਰੀ ਜਾਂਚ

### ਜਿਨਸੀ ਅਪਰਾਧਾਂ ਵਿੱਚ ਹਮੇਸ਼ਾਂ ਸਰੀਰਕ ਸੱਟਾਂ ਨਹੀਂ ਲੱਗਦੀਆਂ ਹਨ।

ਆਪਣੀ ਰਿਪੋਰਟ ਅਤੇ ਸਮੇਂ ਦੇ ਹਾਲਾਤਾਂ ਉਪਰ ਆਧਾਰਿਤ, ਤੁਹਾਨੂੰ ਅਦਾਲਤੀ ਡਾਕਟਰੀ ਜਾਂਚ ਕਰਵਾਉਣ ਲਈ ਕਿਹਾ ਜਾ ਸਕਦਾ ਹੈ। ਜੇਕਰ ਅਦਾਲਤੀ ਡਾਕਟਰੀ ਜਾਂਚ ਉਚਿੱਤ ਹੋਵੇ, ਅਸੀਂ ਤੁਹਾਨੂੰ ਵਿਸਥਾਰ ਵਿੱਚ ਸਮਝਾਂਵਾਂਗੇ ਕਿ ਇਸ ਵਿੱਚ ਕੀ ਸ਼ਾਮਲ ਹੈ ਅਤੇ ਤੁਹਾਡੀ ਸਹਿਮਤੀ ਦੇ ਨਾਲ ਮੁਲਾਕਾਤ ਦਾ ਪ੍ਰਬੰਧ ਕਰਾਂਗੇ।

ਅਦਾਲਤੀ ਡਾਕਟਰੀ ਜਾਂਚ ਕਰਵਾਉਣੀ ਹੈ ਇਹ ਤੁਹਾਡੀ ਚੋਣ ਹੈ, ਫਿਰ ਵੀ ਧਿਆਨ ਰੱਖੋ ਕਿ ਸਮਾਂ ਬੀਤਣ ਨਾਲ ਸਬੂਤ ਗੁਆਚ ਸਕਦੇ ਹਨ।

ਅਦਾਲਤੀ ਡਾਕਟਰੀ ਜਾਂਚ ਸਿਖਲਾਈ ਪ੍ਰਾਪਤ ਡਾਕਟਰੀ ਪੇਸ਼ੇਵਰ ਦੁਆਰਾ ਕੀਤੀ ਜਾਂਦੀ ਹੈ ਜੋ ਕਿ ਤੁਰੰਤ ਡਾਕਟਰੀ ਲੋੜਾਂ ਦਾ ਧਿਆਨ ਰੱਖੇਗਾ, ਤਫਤੀਸ਼ ਵਿੱਚ ਵਰਤਣ ਲਈ ਸਬੂਤ ਇਕੱਠੇ ਕਰੇਗਾ, ਕਿਸੇ ਸੱਟ ਦੀ ਫੋਟੋ ਖਿੱਚ ਸਕਦਾ ਹੈ ਅਤੇ ਜੇ ਤੁਹਾਡੀਆਂ ਸੰਭੋਗ ਨਾਲ ਫੈਲਣ ਵਾਲੀਆਂ ਲਾਗਾਂ ਜਾਂ ਗਰਭ ਠਹਿਰਨ ਦੇ ਬਾਰੇ ਕੋਈ ਚਿੰਤਾਵਾਂ ਹੋਣ ਤਾਂ ਗੱਲਬਾਤ ਕਰ ਸਕਦਾ ਹੈ। ਤੁਹਾਡੇ ਕੋਲ ਜਾਂਚ ਦੇ ਦੌਰਾਨ ਸੀ ਏ ਐਸ ਏ ਸਲਾਹਕਾਰ ਵਕਾਲਤੀ ਅਤੇ/ਜਾਂ ਇਕ ਸਹਿਯੋਗੀ ਵਿਅਕਤੀ ਨੂੰ ਹਾਜ਼ਰ ਰੱਖਣ ਦਾ ਹੱਕ ਹੈ।

**ਅਦਾਲਤੀ ਡਾਕਟਰੀ ਜਾਂਚ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਵਿਕਟੋਰੀਅਨ ਇੰਸਟੀਚਿਊਟ ਆਫ ਫੋਰੈਂਜ਼ਿਕ ਮੈਡੀਸਨ ਵੈਬਸਾਈਟ** vifm.org **ਉਪਰ ਜਾਓ।**

## ਦੂਸਰੇ ਸਬੂਤਾਂ ਨੂੰ ਇਕੱਠਾ ਕਰਨਾ

ਅਸੀਂ ਜ਼ੁਰਮ ਦੇ ਨਾਲ ਸਬੰਧਿਤ ਸਬੂਤ ਇਕੱਠੇ ਕਰਾਂਗੇ। ਅਸੀਂ ਸਬੂਤ ਵਜੋਂ ਕੀ ਇਕੱਠਾ ਕਰਾਂਗੇ ਇਹ ਜਿਨਸੀ ਅਪਰਾਧ ਦੇ ਹਾਲਾਤਾਂ ਉਪਰ ਨਿਰਭਰ ਹੋਵੇਗਾ।

ਤਫਤੀਸ਼ ਦੇ ਦੌਰਾਨ ਇਕੱਠੇ ਕੀਤੇ ਗਏ ਸਬੂਤਾਂ ਨੂੰ ਸੁਰੱਖਿਅਤ ਤਰੀਕੇ ਨਾਲ ਸੰਭਾਲਿਆ ਜਾਵੇਗਾ ਅਤੇ ਸਬੂਤ ਵਜੋਂ ਲਿਜਾਈਆਂ ਗਈਆਂ ਚੀਜ਼ਾਂ ਨੂੰ ਸਿਰਫ ਉਨ੍ਹੀਂ ਦੇਰ ਤੱਕ ਰੱਖਿਆ ਜਾਵੇਗਾ ਜਦ ਤੱਕ ਜ਼ਰੂਰੀ ਹੈ। ਕਾਰਵਾਈ ਪੂਰੀ ਹੋਣ ਤੋਂ ਬਾਅਦ, ਅਸੀਂ ਤੁਹਾਡੇ ਨਾਲ ਗੱਲਬਾਤ ਕਰਾਂਗੇ ਕਿ ਕਿਹੜੀਆਂ ਚੀਜ਼ਾਂ ਤੁਸੀਂ ਵਾਪਸ ਲੈਣਾ ਚਾਹੁੰਦੇ ਹੋ।

ਅਸੀਂ ਉਹਨਾਂ ਲੋਕਾਂ ਤੋਂ ਬਿਆਨ ਲਵਾਂਗੇ ਜਿੰਨ੍ਹਾਂ ਨੇ ਹੋ ਸਕਦਾ ਹੈ ਜਿਨਸੀ ਅਪਰਾਧ ਨੂੰ ਵੇਖਿਆ ਹੋਵੇ ਜਾਂ ਜੋ ਤਫਤੀਸ਼ ਵਿੱਚ ਸਹਾਇਤਾ ਕਰਨ ਲਈ ਜਾਣਕਾਰੀ ਪ੍ਰਦਾਨ ਕਰਨ ਦੇ ਯੋਗ ਹੋ ਸਕਦੇ ਹਨ। ਅਸੀਂ ਸਮਝਦੇ ਹਾਂ ਕਿ ਤੁਸੀਂ ਨਹੀਂ ਚਾਹੁੰਦੇ ਹੋਵੋਗੇ ਕਿ ਜਾਸੂਸ ਤੁਹਾਡੇ ਪਰਿਵਾਰ ਜਾਂ ਦੋਸਤਾਂ ਨਾਲ ਗੱਲ ਕਰਨ।

ਅਸੀਂ ਤੁਹਾਡੀ ਨਿੱਜਤਾ ਦਾ ਸਨਮਾਨ ਕਰਦੇ ਹਾਂ ਅਤੇ ਗਵਾਹਾਂ ਦੇ ਨਾਲ ਗੱਲ ਕਰਨ ਲੱਗਿਆਂ ਕਿਸੇ ਵੀ ਬੇਲੋੜੀ ਜਾਣਕਾਰੀ ਦਾ ਪ੍ਰਗਟਾਵਾ ਨਹੀਂ ਕਰਾਂਗੇ। ਜੇਕਰ ਤੁਹਾਨੂੰ ਕਿਸੇ ਬਾਰੇ ਚਿੰਤਾ ਹੈ ਜਿਸ ਨਾਲ ਅਸੀਂ ਗੱਲ ਕਰਨੀ ਚਾਹੁੰਦੇ ਹਾਂ, ਸਾਨੂੰ ਦੱਸ ਦਿਓ ਤਾਂ ਜੋ ਅਸੀਂ ਤੁਹਾਡੀਆਂ ਚਿੰਤਾਵਾਂ ਬਾਰੇ ਵਿਚਾਰ ਕਰ ਸਕੀਏ।

## ਦੋਸ਼ੀ ਨਾਲ ਮੁਲਾਕਾਤ ਕਰਨੀ

ਜੇਕਰ ਦੋਸ਼ੀ ਦਾ ਪਤਾ ਲੱਗ ਗਿਆ ਹੈ ਜਾਂ ਪਛਾਣਿਆ ਗਿਆ ਹੈ, ਅਸੀਂ ਉਹਨਾਂ ਨਾਲ ਮੁਲਾਕਾਤ ਕਰ ਸਕਦੇ ਹਾਂ।

ਹਾਲਾਤਾਂ ਉਪਰ ਆਧਾਰਿਤ, ਦੋਸ਼ੀ ਨੂੰ ਹਿਰਾਸਤ ਵਿੱਚ ਰੱਖਿਆ, ਛੱਡਿਆ ਜਾਂ ਮਾਮਲੇ ਦੇ ਸ਼ੁਰੂ ਹੋਣ ਤੱਕ ਜ਼ਮਾਨਤ ਦਿੱਤੀ ਜਾ ਸਕਦੀ ਹੈ।

ਤਫਤੀਸ਼ ਦੇ ਹਰੇਕ ਪੜਾਅ ਉਪਰ ਤੁਹਾਡੀ ਸੁਰੱਖਿਆ ਸਾਡੀ ਪਹਿਲ ਰਹੇਗੀ। ਅਸੀਂ ਤੁਹਾਨੂੰ ਨਾਲੋ ਨਾਲ ਜਾਣਕਾਰੀ ਦਿੰਦੇ ਰਹਾਂਗੇ ਅਤੇ ਤੁਹਾਡੇ ਨਾਲ ਵਿਚਾਰ ਕਰਾਂਗੇ ਕਿ ਆਪਣੀ ਸੁਰੱਖਿਆ ਦਾ ਪ੍ਰਬੰਧ ਕਿਵੇਂ ਕਰਨਾ ਹੈ।

## ਸਬੂਤ ਦੀ ਜਾਂਚ

ਤਫਤੀਸ਼ ਪੂਰੀ ਹੋਣ ਤੋਂ ਬਾਅਦ, ਇਕੱਠੇ ਕੀਤੇ ਗਏ ਸਾਰੇ ਸਬੂਤਾਂ ਦੀ ਇਕ ਵਿਅਕਤੀ ਦੁਆਰਾ ਜਾਂਚ ਕੀਤੀ ਜਾਵੇਗੀ ਜੋ ਕਿ ਖਾਸ ਤੌਰ ਤੇ ਉਹਨਾਂ ਮਾਮਲਿਆਂ ਬਾਰੇ ਫੈਸਲੇ ਲੈਣ ਦੇ ਯੋਗ ਹੁੰਦਾ ਹੈ ਜੋ ਅਦਾਲਤ ਵਿੱਚ ਜਾਂਦੇ ਹਨ। ਉਪਲਬਧ ਸਬੂਤਾਂ ਅਤੇ ਕਾਨੂੰਨ ਦੇ ਨਿਯਮਾਂ ਨੂੰ ਧਿਆਨ ਨਾਲ ਵਿਚਾਰਨ ਤੋਂ ਬਾਅਦ ਫੈਸਲਾ ਲਿਆ ਜਾਂਦਾ ਹੈ।

### ਸਾਰੀਆਂ ਤਫਤੀਸ਼ਾਂ ਅਦਾਲਤ ਤੱਕ ਨਹੀਂ ਜਾਂਦੀਆਂ ਹਨ।

ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਤੁਹਾਡੇ ਉਪਰ ਯਕੀਨ ਨਹੀਂ ਕਰਦੇ ਹਾਂ। ਇਸ ਦਾ ਸਾਧਾਰਣ ਮਤਲਬ ਇਹ ਹੈ ਕਿ ਸਾਡੇ ਕੋਲ ਜ਼ੁਰਮ ਦਾ ਮੁਕੱਦਮਾ ਚਲਾਉਣ ਦੇ ਦਰਜ਼ੇ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਕਾਫੀ ਸਬੂਤ ਨਹੀਂ ਹਨ। ਜੇਕਰ ਇਸ ਤਰ੍ਹਾਂ ਹੁੰਦਾ ਹੈ, ਅਸੀਂ ਤੁਹਾਡੇ ਨਾਲ ਇਸ ਬਾਰੇ ਗੱਲ ਕਰਾਂਗੇ ਅਤੇ ਕਾਰਣਾਂ ਦਾ ਵਿਸਥਾਰ ਕਰਾਂਗੇ ਕਿ ਕਿਉਂ।

## ਅਦਾਲਤ ਵਿੱਚ ਜਾਣਾ ਅਤੇ ਗਵਾਹਾਂ ਨੂੰ ਸਹਿਯੋਗ

ਜੇਕਰ ਮਾਮਲਾ ਅਦਾਲਤ ਵਿੱਚ ਜਾਂਦਾ ਹੈ, ਇਕ ਪੁਲੀਸ ਵਾਲਾ ਜਾਂ ਮੁਕੱਦਮਾ ਚਲਾਉਣ ਵਾਲਾ ਤੁਹਾਨੂੰ ਕਾਰਵਾਈ ਬਾਰੇ ਸਮਝਾਏਗਾ ਅਤੇ ਨਾਲ ਦੀ ਨਾਲ ਤੁਹਾਨੂੰ ਜਾਣਕਾਰੀ ਦਿੰਦਾ ਰਹੇਗਾ। ਅਦਾਲਤ ਦੀ ਕਾਰਵਾਈ ਵਿੱਚ ਕਈ ਪੜਾਅ ਹੁੰਦੇ ਹਨ ਅਤੇ ਇਹ ਬਦਲਦੇ ਹਨ ਅਤੇ ਨਿਰਭਰ ਕਰਦੇ ਹਨ ਕਿ ਤੁਹਾਡਾ ਮਾਮਲਾ ਕਿਹੜੀ ਅਦਾਲਤ ਵਿੱਚ ਸੁਣਿਆ ਜਾ ਰਿਹਾ ਹੈ।

ਅਦਾਲਤ ਵਿੱਚ ਸਦਮੇ ਨੂੰ ਘਟਾਉਣ ਵਾਲੀ ਬਣਤਰ ਵਾਲੇ ਖਾਸ ਪ੍ਰਬੰਧ ਕੀਤੇ ਜਾਂਦੇ ਹਨ। ਇਹਨਾਂ ਵਿੱਚ ਕਿਸੇ ਦੂਸਰੀ ਜਗ੍ਹਾ ਤੋਂ ਕਲੋਜ਼ ਸਰਕਟ ਟੈਲੀਵਿਜ਼ਨ ਰਾਹੀਂ ਗਵਾਹੀ ਦੇਣਾ, ਅਦਾਲਤ ਵਿੱਚ ਪਰਦਿਆਂ ਨੂੰ ਵਰਤਣਾ ਤਾਂ ਜੋ ਦੋਸ਼ੀ ਤੁਹਾਡੇ ਸਾਹਮਣੇ ਨਾ ਆਵੇ ਅਤੇ ਜਦੋਂ ਤੁਸੀਂ ਗਵਾਹੀ ਦੇ ਰਹੇ ਹੋ ਸਹਿਯੋਗੀ ਵਿਅਕਤੀ ਦੀ ਮੌਜੂਦਗੀ ਦੀ ਆਗਿਆ ਦੇਣਾ ਸ਼ਾਮਲ ਹਨ।

**ਅਦਾਲਤ ਜਾਣ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਨਿਆਂ ਅਤੇ ਭਾਈਚਾਰੇ ਦੀ ਸੁਰੱਖਿਆ ਵਿਭਾਗ ਦੀ ਵੈਬਸਾਈਟ** victimsofcrime.vic.gov.au **ਉਪਰ ਜਾਓ।**

ਤੁਹਾਡੇ ਅਤੇ ਤੁਹਾਡੇ ਪਰਿਵਾਰ ਨੂੰ ਅਦਾਲਤ ਵਿੱਚ ਸਹਾਇਤਾ ਅਤੇ ਸਹਿਯੋਗ ਦੇਣ ਵਾਸਤੇ ਸੇਵਾਵਾਂ ਉਪਲਬਧ ਹਨ ਜਿਵੇਂ ਕਿ ਆਫਿਸ ਆਫ ਪਬਲਿਕ ਪਰੌਸੀਕਿਊਸ਼ਨਜ਼ ਵਿਟਨੈਸ ਅਸਿਸਟੈਂਸ ਸਰਵਿਸ। ਜੇ ਲੋੜੀਂਦਾ ਹੋਵੇ ਅਸੀਂ ਤੁਹਾਡੇ ਲਈ ਇਹਨਾਂ ਵਿਸ਼ੇਸ਼ ਸਹਾਇਤਾ ਸੇਵਾਵਾਂ ਕੋਲ ਭੇਜਣ ਲਈ ਹਵਾਲੇ ਬਣਾ ਸਕਦੇ ਹਾਂ।

**ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਵਿਟਨਸ ਅਸਿਸਟੈਂਸ ਸਰਵਿਸ ਦੀ ਵੈਬਸਾਈਟ** victimsandwitnesses.opp.vic.gov.au **ਉਪਰ ਜਾਓ।**

## ਪੁਲੀਸ ਦੇ ਨਾਲ ਸੰਪਰਕ ਕਰਨਾ

### ਜਿਨਸੀ ਅਪਰਾਧਾਂ ਅਤੇ ਬੱਚਿਆਂ ਨਾਲ ਦੁਰਵਿਵਹਾਰ ਦੀ ਤਫਤੀਸ਼ ਕਰਨ ਵਾਲੀਆਂ ਟੀਮਾਂ (ਐਸ ਓ ਸੀ ਆਈ ਟੀ)

ਤੁਸੀਂ ਜਿਨਸੀ ਅਪਰਾਧਾਂ ਦੀ ਰਿਪੋਰਟ ਐਸ ਓ ਸੀ ਆਈ ਟੀ ਨੂੰ ਕਰ ਸਕਦੇ ਹੋ। ਅਸੀਂ ਸਾਰੇ ਵਿਕਟੋਰੀਆ ਵਿੱਚ ਐਸ ਓ ਸੀ ਆਈ ਟੀ ਸਥਾਪਿਤ ਕੀਤੀਆਂ ਹਨ।

ਐਸ ਓ ਸੀ ਆਈ ਟੀ ਦੇ ਟਿਕਾਣੇ ਅਤੇ ਫੋਨ ਨੰਬਰ ਹੇਠਲੇ ਸਫਿਆਂ ਉਪਰ ਸੂਚੀਬੱਧ ਕੀਤੇ ਗਏ ਹਨ। ਤੁਹਾਡੇ ਲਈ ਨੇੜਲੇ ਯੂਨਿਟ ਨੂੰ ਸੌਖਾ ਲੱਭਣ ਵਾਸਤੇ ਟਿਕਾਣਿਆਂ ਨੂੰ ਖੇਤਰਾਂ ਦੇ ਅਨੁਸਾਰ ਵੰਡਿਆ ਗਿਆ ਹੈ।

### ਸੈਨੋ ਟਾਸਕਫੋਰਸ

ਸੈਨੋ ਟਾਸਕਫੋਰਸ ਮੈਲਬੋਰਨ ਵਿੱਚ ਸਥਿੱਤ ਹੈ ਪਰ ਸਾਰੇ ਰਾਜ ਵਿੱਚ ਕੰਮ ਕਰਦੀ ਹੈ। ਤੁਸੀਂ ਬੱਚਿਆਂ ਨਾਲ ਜਿਨਸੀ ਦੁਰਵਿਵਹਾਰ (ਇਤਿਹਾਸਕ ਜਾਂ ਮੌਜੂਦਾ) ਜੋ ਕਿ ਧਾਰਮਿਕ ਜਾਂ ਸੰਸਥਾਂਵਾਂ ਦੇ ਅੰਦਰ ਹੋਇਆ ਹੈ, ਦੀ ਰਿਪੋਰਟ ਸੈਨੋ ਟਾਸਕਫੋਰਸ ਨੂੰ ਕਰ ਸਕਦੇ ਹੋ।

**ਸੰਕਟ ਵੇਲੇ ਤਿੰਨ ਜ਼ੀਰੋ (000) ਨੂੰ ਫੋਨ ਕਰੋ।**

### ਜਿਨਸੀ ਅਪਰਾਧਾਂ ਅਤੇ ਬੱਚਿਆਂ ਨਾਲ ਦੁਰਵਿਵਹਾਰ ਦੀ ਤਫਤੀਸ਼ ਕਰਨ ਵਾਲੀਆਂ ਟੀਮਾਂ (ਐਸ ਓ ਸੀ ਆਈ ਟੀ)

#### ਉੱਤਰ-ਪੱਛਮੀ ਮਹਾਂਨਗਰ

**Mernda** (03) 9216 1310
**Fawkner** (03) 9355 6100
**Brimbank** (03) 9313 3460
**Melbourne** (03) 8690 4056
**Westgate** (03) 9216 0566

#### ਪੱਛਮੀ ਵਿਕਟੋਰੀਆ

**Ballarat** (03) 5336 6055
**Central Victoria (Bendigo)** (03) 5444 6752
**Colac** (03) 5230 0044
**Geelong** (03) 5246 8100
**Horsham** (03) 5382 9241
**Ararat** (03) 5355 1500
**Mildura** (03) 5023 5980
**Swan Hill** (03) 5036 1600
**Warrnambool** (03) 5560 1333

#### ਦੱਖਣੀ ਮਹਾਂਨਗਰ

**Dandenong** (03) 8769 2200
**Seaford** (03) 8770 1000
**Bayside** (03) 8530 5100

#### ਪੂਰਬੀ ਵਿਕਟੋਰੀਆ

**Bairnsdale** (03) 5150 2677
**Benalla** (03) 5760 0200
**Box Hill** (03) 8892 3292
**Knox** (03) 9881 7939
**Central Gippsland (Morwell)** (03) 5120 0300
**Sale** (03) 5142 2200
**Seymour** (03) 5735 0208
**Shepparton** (03) 5820 5878
**Wangaratta** (03) 5723 0848
**Wodonga** (02) 6049 2672

### ਸੈਨੋ ਟਾਸਕਫੋਰਸ

1800 110 007

sanotaskforce@police.vic.gov.au

# ਮੈਂ ਹੋਰ ਕਿਸ ਨਾਲ ਗੱਲ ਕਰ ਸਕਦਾ ਹਾਂ?

ਵਿਕਟੋਰੀਆ ਪੁਲੀਸ ਤੋਂ ਸੁਤੰਤਰ ਕਈ ਸਾਰੀਆਂ ਸੰਸਥਾਵਾਂ ਹਨ ਜਿੰਨ੍ਹਾਂ ਨੂੰ ਤੁਸੀਂ ਵਧੇਰੇ ਜਾਣਕਾਰੀ ਅਤੇ ਸਹਿਯੋਗ ਲਈ ਸੰਪਰਕ ਕਰ ਸਕਦੇ ਹੋ। ਤੁਹਾਡੇ ਪੁਲੀਸ ਨੂੰ ਰਿਪੋਰਟ ਕਰਨ ਦੇ ਫੈਸਲੇ ਦੀ ਪਰਵਾਹ ਕੀਤੇ ਬਿਨਾਂ ਇਹ ਸੰਸਥਾਂਵਾਂ ਤੁਹਾਡੀ ਸਹਾਇਤਾ ਕਰ ਸਕਦੀਆਂ ਹਨ।

### ਜਿਨਸੀ ਹਮਲਿਆਂ ਦੇ ਖਿਲਾਫ ਕੇਂਦਰ

1800 806 292

casa.org.au

ਜਿਨਸੀ ਹਮਲਿਆਂ ਦੇ ਖਿਲਾਫ ਕੇਂਦਰ ਔਰਤਾਂ, ਬੱਚਿਆਂ ਅਤੇ ਆਦਮੀਆਂ ਨੂੰ ਮੁਫ਼ਤ ਸਲਾਹ ਅਤੇ ਸਹਾਇਤਾ ਪ੍ਰਦਾਨ ਕਰਦੇ ਹਨ ਜੋ ਕਿ ਜਿਨਸੀ ਹਮਲੇ ਸਹਿਣਵਾਲੇ/ਬਚਣਵਾਲੇ ਹਨ। ਆਪਣੇ ਨੇੜੇ ਦੇ ਸੀ ਏ ਐਸ ਏ ਤੱਕ ਕੰਮ ਦੇ ਘੰਟਿਆਂ ਦੌਰਾਨ ਪਹੁੰਚ ਕਰਨ ਲਈ, 1800 806 292 ਨੂੰ ਫੋਨ ਕਰੋ।

### ਕੰਮ ਦੇ ਘੰਟਿਆਂ ਤੋਂ ਬਾਅਦ ਦੀ ਜਿਨਸੀ ਹਮਲੇ ਦੇ ਸੰਕਟ ਦੀ ਲਾਈਨ

1800 806 292

casa.org.au

ਕੰਮ ਦੇ ਘੰਟਿਆਂ ਤੋਂ ਬਾਅਦ ਦੀ ਜਿਨਸੀ ਹਮਲੇ ਦੇ ਸੰਕਟ ਦੀ ਲਾਈਨ ਰਾਜ-ਭਰ ਵਿੱਚ ਸਾਰੇ ਹਮਲੇ ਦੇ ਸ਼ਿਕਾਰ/ਬਚਣ ਵਾਲਿਆਂ ਨੂੰ ਉਹਨਾਂ ਦੀ ਜਿੰਦਗੀ ਵਿੱਚ ਕਿਸੇ ਵੀ ਸਮੇਂ ਸਲਾਹ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ ਅਤੇ ਹੁਣੇ ਜਿਨਸੀ ਹਮਲੇ ਦਾ ਸ਼ਿਕਾਰ/ਬਚਣ ਵਾਲਿਆਂ ਨੂੰ ਸੀ ਏ ਐਸ ਏ ਦੇ ਨਾਲ ਕੰਮ ਦੇ ਘੰਟਿਆਂ ਤੋਂ ਬਾਅਦ ਸੰਕਟ ਵੇਲੇ ਦੀ ਸੰਭਾਲ ਵਾਸਤੇ ਤਾਲਮੇਲ ਕਰਦੀ ਹੈ। ਇਹ ਕੰਮ ਦੇ ਦਿਨਾਂ ਵਾਲੀਆਂ ਰਾਤਾਂ ਨੂੰ 5 ਵਜੇ ਸ਼ਾਮ ਤੋਂ ਅਗਲੇ ਦਿਨ ਸਵੇਰੇ 9 ਵਜੇ ਤੱਕ ਅਤੇ ਹਫਤੇ ਦੇ ਅਖੀਰ ਤੇ ਜਨਤਕ ਛੁੱਟੀਆਂ ਵਾਲੇ ਦਿਨਾਂ ਨੂੰ ਸਾਰਾ ਦਿਨ ਕੰਮ ਕਰਦੀ ਹੈ।

### ਰਾਸ਼ਟਰੀ ਜਿਨਸੀ ਹਮਲਾ, ਘਰੇਲੂ ਪਰਿਵਾਰਕ ਹਿੰਸਾ ਸਲਾਹ ਸੇਵਾ

1800 737 732 (1800RESPECT)

1800RESPECT.org.au

ਰਾਸ਼ਟਰੀ ਜਿਨਸੀ ਹਮਲਾ, ਘਰੇਲੂ ਪਰਿਵਾਰਕ ਹਿੰਸਾ ਸਲਾਹ ਸੇਵਾ ਦਿਨ ਦੇ 24 ਘੰਟੇ, ਹਫਤੇ ਦੇ 7 ਦਿਨ ਦੇਸ਼-ਭਰ ਵਿੱਚ ਪੁਰਾਣੇ ਅਤੇ ਹਾਲ ਵਿੱਚ ਹੀ ਹੋਏ ਜਿਨਸੀ ਹਮਲੇ ਅਤੇ/ ਜਾਂ ਘਰੇਲੂ ਪਰਿਵਾਰਕ ਹਿੰਸਾ ਦੇ ਸ਼ਿਕਾਰ/ਬਚਣ ਵਾਲਿਆਂ ਲਈ ਟੈਲੀਫੋਨ ਅਤੇ ਔਨਲਾਈਨ ਸੇਵਾ ਹੈ। ਉਹ ਦੋਭਾਸ਼ੀਆ ਅਤੇ ਇਸ਼ਾਰਿਆਂ ਵਾਲੀ ਭਾਸ਼ਾ (ਔਂਜ਼ਲੇਨ) ਸੇਵਾ ਪ੍ਰਦਾਨ ਕਰਦੇ ਹਨ।

### ਸੇਫ ਸਟੈਪਸ

1800 015 188

safesteps.org.au

ਜੀਵਨ ਸਾਥੀ ਜਾਂ ਪਹਿਲੇ ਜੀਵਨ ਸਾਥੀ, ਪਰਿਵਾਰ ਦੇ ਕਿਸੇ ਜੀਅ ਜਾਂ ਕਿਸੇ ਹੋਰ ਕੋਲੋਂ ਜੋ ਉਹਨਾਂ ਦੇ ਨੇੜੇ ਹੈ ,ਉਹਨਾਂ ਦੁਆਰਾ ਹਿੰਸਾ ਅਤੇ ਦੁਰਵਿਵਹਾਰ ਸਹਿ ਰਹੀਆਂ ਔਰਤਾਂ ਅਤੇ ਬੱਚਿਆਂ ਲਈ ਸੇਫ ਸਟੈਪਸ ਰਾਜ-ਭਰ ਦੀ ਸੇਵਾ ਹੈ। ਔਰਤਾਂ ਅਤੇ ਬੱਚਿਆਂ ਨੂੰ ਹਿੰਸਾ ਤੋਂ ਬਚਣ - ਅਤੇ ਬਚੇ ਰਹਿਣ - ਦੇ ਯੋਗ ਬਣੇ ਰਹਿਣ ਲਈ ਉਹ ਵਿਆਪਕ ਤਰ੍ਹਾਂ ਦੀਆਂ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੇ ਹਨ। ਪਰਿਵਾਰਕ ਹਿੰਸਾ ਸਹਿ ਰਹੀਆਂ ਔਰਤਾਂ ਪਰਿਵਾਰਕ ਹਿੰਸਾ ਸਹਾਇਤਾ ਸੇਵਾਵਾਂ, ਕਾਨੂੰਨੀ ਹੱਕਾਂ ਅਤੇ ਰਿਹਾਇਸ਼ ਦੇ ਵਿਕਲਪਾਂ ਬਾਰੇ ਜਾਣਕਾਰੀ ਲਈ ਦਿਨ ਦੇ 24 ਘੰਟੇ ਹਫਤੇ ਦੇ 7 ਦਿਨ ਫੋਨ ਕਰਕੇ ਕਿਸੇ ਦੂਸਰੀ ਔਰਤ ਨਾਲ ਭਰੋਸੇ ਵਿੱਚ ਗੱਲ ਕਰ ਸਕਦੀਆਂ ਹਨ।

### ਇਨਟੱਚ ਮਲਟੀਕਲਚਰਲ ਸੈਂਟਰ ਅਗੇਂਸਟ ਫੈਮਿਲੀ ਵਾਇਲੰਸ

03 9413 6500

intouch.org.au

ਇਨਟੱਚ ਇਕ ਮਾਹਰ ਪਰਿਵਾਰਕ ਹਿੰਸਾ ਸੇਵਾ ਹੈ ਜੋ ਪਰਵਾਸੀ ਅਤੇ ਸ਼ਰਨਾਰਥੀ ਪਿਛੋਕੜ ਵਾਲੀਆਂ ਔਰਤਾਂ ਜਿੰਨ੍ਹਾਂ ਨੇ ਪਰਿਵਾਰਕ ਹਿੰਸਾ ਸਹੀ ਹੈ ਜਾਂ ਸਹਿ ਰਹੀਆਂ ਹਨ ਨੂੰ ਸਭਿਆਚਾਰਕ ਸਹਾਇਤਾ ਪ੍ਰਦਾਨ ਕਰਦੀ ਹੈ। ਇਹ ਸੇਵਾ ਵਿਕਟੋਰੀਆ ਵਿੱਚ ਰਹਿੰਦੀਆਂ 18 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੀਆਂ ਔਰਤਾਂ ਲਈ ਮੁਫਤ ਅਤੇ ਗੁਪਤ ਹੈ। ਪਰਿਵਾਰਕ ਹਿੰਸਾ ਸਹਿ ਰਹੀਆਂ ਔਰਤਾਂ ਇਨਟੱਚ ਨੂੰ 1800 755 988 (ਮੁਫਤ ਨੰਬਰ) ਉਪਰ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਸੰਪਰਕ ਕਰ ਸਕਦੀਆਂ ਹਨ।

### ਨਿਆਂ ਅਤੇ ਭਾਈਚਾਰੇ ਦੀ ਸੁਰੱਖਿਆ ਦਾ ਵਿਭਾਗ

1800 819 817

0427 767 891 **(ਸ਼ਬਦ)**

victimsofcrime.vic.gov.au

ਨਿਆਂ ਅਤੇ ਭਾਈਚਾਰੇ ਦੀ ਸੁਰੱਖਿਆ ਦਾ ਵਿਭਾਗ ਹਫਤੇ ਦੇ 7 ਦਿਨ ਸਵੇਰੇ 8 ਵਜੇ ਤੋਂ ਲੈ ਕੇ ਰਾਤ 11 ਵਜੇ ਤੱਕ ਮੁਫ਼ਤ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ। ਉਹ ਜੁਰਮ ਦੀ ਰਿਪੋਰਟ ਕਰਨ ਬਾਰੇ ਸਲਾਹ ਅਤੇ ਤੁਹਾਡੇ ਹੱਕਾਂ, ਅਦਾਲਤ ਦੀ ਕਾਰਵਾਈ ਅਤੇ ਹੋਰ ਸੇਵਾਵਾਂ ਜੋ ਤੁਹਾਨੂੰ ਸਹਾਇਤਾ ਕਰ ਸਕਦੀਆਂ ਹਨ ਬਾਰੇ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰਦੇ ਹਨ। ਉਹ ਤੁਹਾਨੂੰ ਮੁਆਵਜ਼ੇ ਅਤੇ ਵਿੱਤੀ ਸਹਾਇਤਾ ਲਈ ਅਰਜ਼ੀ ਦੇਣ ਵਿੱਚ ਵੀ ਸਹਾਇਤਾ ਕਰ ਸਕਦੇ ਹਨ।

### ਰਾਸ਼ਟਰੀ ਦੁੱਖ ਨਿਵਾਰਣ ਸਕੀਮ

1800 737 377

nationalredress.gov.au

ਰਾਸ਼ਟਰੀ ਦੁੱਖ ਨਿਵਾਰਣ ਸਕੀਮ ਉਹਨਾਂ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ ਜਿੰਨ੍ਹਾਂ ਨਾਲ ਸੰਸਥਾ ਦੁਆਰਾ ਬਚਪਨ ਵਿੱਚ ਜਿਨਸੀ ਦੁਰਵਿਵਹਾਰ ਹੋਇਆ ਹੈ। ਜਿੰਨ੍ਹਾਂ ਨਾਲ ਸੰਸਥਾ ਦੁਆਰਾ ਬਚਪਨ ਵਿੱਚ ਜਿਨਸੀ ਦੁਰਵਿਵਹਾਰ ਹੋਇਆ ਹੈ ਸਕੀਮ ਉਹਨਾਂ ਲੋਕਾਂ ਦੀ ਸਲਾਹ ਲੈਣ, ਸੰਸਥਾ ਤੋਂ ਸਿੱਧਾ ਨਿੱਜੀ ਜਵਾਬ ਅਤੇ ਦੁੱਖ ਨਿਵਾਰਣ ਭੁਗਤਾਨ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਕਰਦੀ ਹੈ। ਰਾਸ਼ਟਰੀ ਦੁੱਖ ਨਿਵਾਰਣ ਸਕੀਮ ਨੂੰ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਸੰਪਰਕ ਕੀਤਾ ਜਾ ਸਕਦਾ ਹੈ। ਮੁਫ਼ਤ, ਗੁਪਤ ਦੁੱਖ ਨਿਵਾਰਣ ਸੇਵਾਵਾਂ ਦੇ ਵੇਰਵੇ nationalredress.gov.au/support ਉੱਤੇ ਜਾਂ ਉਪਰ ਲਿਖੇ ਨੰਬਰ ਨੂੰ ਫੋਨ ਕਰਕੇ ਵੀ ਉਪਲਬਧ ਹਨ।

### ਪਬਲਿਕ ਐਡਵੋਕੇਟ ਦਾ ਦਫ਼ਤਰ

1300 309 337

publicadvocate.vic.gov.au

ਪਬਲਿਕ ਐਡਵੋਕੇਟ ਦਾ ਦਫ਼ਤਰ ਵਿਕਲਾਂਗਤਾ ਵਾਲੇ ਲੋਕਾਂ ਦੇ ਹੱਕਾਂ ਅਤੇ ਹਿੱਤਾਂ ਨੂੰ ਅੱਗੇ ਵਧਾਉਂਦਾ ਅਤੇ ਇਹਨਾਂ ਦਾ ਧਿਆਨ ਰੱਖਦਾ ਹੈ। ਇਸ ਦੀ ਸਲਾਹ ਸੇਵਾ ਵਿਕਲਾਂਗਤਾ ਵਾਲੇ ਲੋਕਾਂ, ਪਰਿਵਾਰਾਂ, ਸੰਭਾਲ ਕਰਨ ਵਾਲਿਆਂ, ਸਿਹਤ ਅਤੇ ਭਲਾਈ ਦੇ ਪੇਸ਼ੇਵਰਾਂ ਅਤੇ ਹੋਰ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਨੂੰ ਇਹਨਾਂ ਮੁੱਦਿਆਂ ਬਾਰੇ ਮਾਹਰ ਸੇਵਾ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ, ਜਿੰਨ੍ਹਾਂ ਵਿੱਚ ਸਰਪਰਸਤੀ, ਪ੍ਰਬੰਧ, ਮੁਖਤਿਆਰਨਾਮਾ, ਡਾਕਟਰੀ ਸਹਿਮਤੀ, ਸਮਰੱਥਾ ਅਤੇ ਵਕਾਲਤ ਸ਼ਾਮਲ ਹਨ। ਸਲਾਹ ਦੀ ਸੇਵਾ ਨੂੰ ਕੰਮ ਦੇ ਘੰਟਿਆਂ ਦੇ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ। ਕੰਮ ਦੇ ਘੰਟਿਆਂ ਤੋਂ ਬਾਹਰ ਜ਼ਰੂਰੀ ਸਲਾਹ ਦੇ ਲਈ ਇਕ ਕੰਮ ਦੇ ਘੰਟਿਆਂ ਤੋਂ ਬਾਅਦ ਵਾਲਾ ਡਿਊਟੀ ਅਫ਼ਸਰ ਹਾਜ਼ਰ ਹੁੰਦਾ ਹੈ।

### ਵਿਕਟੋਰੀਆ ਦੀਆਂ ਔਰਤਾਂ ਦੀ ਕਾਨੂੰਨੀ ਸੇਵਾ

03 8622 0600 **(ਮਹਾਂਨਗਰ)**

1800 133 302 **(ਦਿਹਾਤੀ)**

womenslegal.org.au

ਵਿਕਟੋਰੀਆ ਦੀਆਂ ਔਰਤਾਂ ਦੀ ਕਾਨੂੰਨੀ ਸੇਵਾ ਨੁਕਸਾਨ ਸਹਿ ਰਹੀਆਂ ਔਰਤਾਂ ਦੀ ਸਹਾਇਤਾ ਕਰਦੀ ਹੈ ਜੋ ਕਿ ਰਿਸ਼ਤਿਆਂ ਦੇ ਟੁੱਟ ਜਾਣ ਅਤੇ ਹਿੰਸਾ ਦੇ ਕਾਰਣ ਕਾਨੂੰਨੀ ਮੁੱਦਿਆਂ ਦਾ ਸਾਹਮਣਾ ਕਰ ਰਹੀਆਂ ਹਨ। ਉਹ ਇਹੋ ਜਿਹੇ ਮੁੱਦਿਆਂ ਵਿੱਚ ਸਹਾਇਤਾ ਕਰ ਸਕਦੇ ਹਨ ਜਿਵੇਂ ਕਿ ਪਰਿਵਾਰਕ ਹਿੰਸਾ ਤੋਂ ਰੱਖਿਆ ਅਤੇ ਨਿੱਜੀ ਸੁਰੱਖਿਆ ਦੇ ਦਖਲ ਆਦੇਸ਼, ਬੱਚਿਆਂ ਦੀ ਸਰਪਰਸਤੀ ਅਤੇ ਪਹੁੰਚ, ਵੱਖਰੇ ਹੋਣ ਤੋਂ ਬਾਅਦ ਜਾਇਦਾਦ ਦੀ ਵੰਡ, ਵੱਖਰੇ ਹੋਣ ਅਤੇ ਤਲਾਕ ਅਤੇ ਜੁਰਮ ਸਹਿਣ ਵਾਲਿਆਂ ਦੀਆਂ ਅਰਜ਼ੀਆਂ। ਕਰਜ਼ਾ, ਵਿੱਤੀ ਔਖ ਜਾਂ ਰਿਸ਼ਤਿਆਂ ਦੇ ਟੁੱਟ ਜਾਣ ਤੋਂ ਬਾਅਦ ਵਿੱਤੀ ਹੱਕਾਂ ਤੱਕ ਪਹੁੰਚ ਵਾਲੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੀਆਂ ਔਰਤਾਂ ਲਈ ਵਿੱਤੀ ਸਲਾਹ ਉਪਲਬਧ ਹੈ।

### ਈਸੇਫਟੀ ਕਮਿਸ਼ਨਰ

esafety.gov.au/key-issues/image-based-abuse

ਈਸੇਫਟੀ ਨਿਕਟਤਾ ਵਾਲੇ ਚਿੱਤਰਾਂ ਜਾਂ ਵੀਡੀਓ, ਨੂੰ ਹਟਾਉਣ ਵਿੱਚ ਮਦਦ ਕਰ ਸਕਦਾ ਹੈ, ਅਤੇ ਕੁਝ ਮਾਮਲਿਆਂ ਵਿੱਚ, ਉਸ ਵਿਅਕਤੀ ਦੇ ਖਿਲਾਫ ਕਾਰਵਾਈ ਕਰਨੀ ਜਿਸ ਨੇ ਨਿਕਟਤਾ ਵਾਲੇ ਚਿੱਤਰਾਂ ਜਾਂ ਵੀਡੀਓ ਨੂੰ ਉਸ ਵਿਅਕਤੀ ਦੀ ਸਹਿਮਤੀ ਤੋਂ ਬਿਨਾਂ ਸਾਂਝਾ ਕੀਤਾ ਜਿਸ ਦੀ ਫੋਟੋ ਉਸ ਚਿੱਤਰ ਵਿੱਚ ਸੀ।

## ਸ਼ਬਦਾਂ ਦਾ ਕੋਸ਼

### ਦੋਸ਼ੀ

ਇਹ ਸ਼ਬਦ ਇਸ ਕਿਤਾਬਚੇ ਵਿੱਚ ਉਸ ਵਿਅਕਤੀ ਦਾ ਵਰਨਣ ਕਰਨ ਲਈ ਵਰਤਿਆ ਗਿਆ ਹੈ ਜਿਸ ਨੇ ਜ਼ੁਰਮ ਕੀਤਾ ਹੈ। ਪਰਸੰਗ ਦੇ ਹਿਸਾਬ ਨਾਲ ਉਹਨਾਂ ਨੂੰ ਸ਼ੱਕੀ, ਦੋਸ਼ੀ, ਮੁਲਜ਼ਿਮ, ਜਵਾਬਦੇਹ ਜਾਂ ਹਮਲਾਵਰ ਵੀ ਕਿਹਾ ਜਾ ਸਕਦਾ ਹੈ।

### ਜਾਸੂਸ

ਇਕ ਬਹੁਤ ਜ਼ਿਆਦਾ ਸਿੱਖਿਅਕ ਪੁਲੀਸ ਅਫਸਰ ਜੋ ਕਿ ਜਿਨਸੀ ਜ਼ੁਰਮਾਂ, ਬੱਚਿਆਂ ਨਾਲ ਦੁਰਵਿਵਹਾਰ ਅਤੇ ਦੂਸਰੀ ਅਪਰਾਧਕ ਗਤੀਵਿਧੀ ਦੀ ਤਫਤੀਸ਼ ਕਰਦਾ ਹੈ।

### ਅਦਾਲਤੀ ਡਾਕਟਰੀ ਜਾਂਚ

ਡਾਕਟਰੀ ਜਾਂਚ ਸ਼ੁਰੂਆਤੀ ਇਲਾਜ, ਮੁਲਾਂਕਣ, ਦਸਤਾਵੇਜ਼ ਬਨਾਉਣ ਅਤੇ ਜ਼ੁਰਮ ਦੇ ਦੌਰਾਨ ਲੱਗੀਆਂ ਸੱਟਾਂ ਨੂੰ ਸਮਝਣ ਲਈ ਕਰਨਾ। ਇਸ ਨੂੰ ਸਿੱਖਿਅਕ ਡਾਕਟਰੀ ਪੇਸ਼ੇਵਰ ਦੁਆਰਾ ਕੀਤਾ ਜਾਂਦਾ ਹੈ ਜਿਸ ਨੂੰ ਅਦਾਲਤੀ ਡਾਕਟਰੀ ਅਫ਼ਸਰ ਜਾਂ ਅਦਾਲਤੀ ਨਰਸ ਪ੍ਰੀਖਿਅਕ ਕਿਹਾ ਜਾਂਦਾ ਹੈ।

### ਸਰਕਾਰੀ ਵਕੀਲ ਦਾ ਦਫ਼ਤਰ

ਵਕੀਲ ਦਾ ਦਫ਼ਤਰ ਜੋ ਸਰਕਾਰੀ ਵਕਾਲਤ ਦੇ ਡਾਇਰੈਕਟਰ ਦੇ ਕਹਿਣ ਤੇ ਗੰਭੀਰ ਅਪਰਾਧਿਕ ਮਾਮਲਿਆਂ ਦੀ ਪੈਰਵੀ ਕਰਦਾ ਹੈ। ਇਹ ਵਿਕਟੋਰੀਆ ਪੁਲੀਸ ਨਾਲੋਂ ਵੱਖਰੀ ਸੰਸਥਾ ਹੈ।

### ਸੈਨੋ ਟਾਸਕਫੋਰਸ

ਵਿਕਟੋਰੀਆ ਪੁਲੀਸ ਦੇ ਅੰਦਰ ਇਕ ਵਿਸ਼ੇਸ਼ ਯੂਨਿਟ ਜੋ ਕਿ ਬੱਚਿਆਂ ਦੀਆਂ ਜਿਨਸੀ ਦੁਰਵਿਵਹਾਰਾਂ ਦੀਆਂ ਰਿਪੋਰਟਾਂ ਦੀ ਤਫਤੀਸ਼ (ਇਤਿਹਾਸਕ ਜਾਂ ਮੌਜੂਦਾ) ਕਰਦਾ ਹੈ ਜੋ ਕਿ ਧਾਰਮਿਕ ਜਾਂ ਸੰਸਥਾ ਵਿੱਚ ਹੋਏ ਹਨ।

### ਜਿਨਸੀ ਗੁਨਾਹ

ਬਹੁਤ ਤਰ੍ਹਾਂ ਦੇ ਬਿਨਾਂ-ਸਹਿਮਤੀ ਵਾਲੇ ਜਿਨਸੀ ਵਿਵਹਾਰ। ਇਹਨਾਂ ਵਿੱਚ ਬਲਾਤਕਾਰ, ਜਿਨਸੀ ਹਮਲਾ ਅਤੇ ਬੱਚਿਆਂ ਦੇ ਜਿਨਸੀ ਦੁਰਵਿਵਹਾਰ ਸ਼ਾਮਲ ਹਨ।

### ਜਿਨਸੀ ਅਪਰਾਧਾਂ ਅਤੇ ਬੱਚਿਆਂ ਨਾਲ ਦੁਰਵਿਵਹਾਰ ਦੀ ਤਫਤੀਸ਼ ਕਰਨ ਵਾਲੀਆਂ ਟੀਮਾਂ (ਐਸ ਓ ਚੀ ਆਈ ਟੀ)

ਜਾਸੂਸਾਂ ਦੀ ਵਿਸ਼ੇਸ਼ ਟੀਮ ਜੋ ਜਿਨਸੀ ਅਪਰਾਧਾਂ ਅਤੇ ਬੱਚਿਆਂ ਨਾਲ ਦੁਰਵਿਵਹਾਰ ਦੀ ਤਫਤੀਸ਼ ਕਰਦੀ ਹੈ।

### ਬਿਆਨ

ਇਕ ਵਿਅਕਤੀ ਦੁਆਰਾ ਵੇਖੇ ਗਏ ਤੱਥਾਂ ਅਤੇ ਘਟਨਾਵਾਂ ਦਾ ਵੇਰਵੇ ਵਾਲਾ ਵਿਸਥਾਰ ਜੋ ਕਿ ਜ਼ੁਰਮ ਦੇ ਨਾਲ ਸਬੰਧਿਤ ਹੈ। ਇਹ ਆਮ ਤੌਰ ਤੇ ਲਿਖਿਆ ਜਾਂਦਾ ਹੈ ਪਰ ਕਈ ਵਾਰੀ ਵੀਡੀਓ ਉਪਰ ਰਿਕਾਰਡ ਵੀ ਕੀਤਾ ਜਾ ਸਕਦਾ ਹੈ।

### ਸਹਾਇਤਾ ਏਜੰਸੀ ਜਾਂ ਸੇਵਾ

ਵਿਕਟੋਰੀਆ ਪੁਲੀਸ ਨਾਲੋਂ ਵੱਖ ਇਕ ਸੰਸਥਾ ਜੋ ਭਲਾਈ ਸਹਿਯੋਗ ਅਤੇ ਸਹਾਇਤਾ ਸੇਵਾਵਾਂ ਜਿਵੇਂ ਕਿ ਸਲਾਹ, ਤਫਤੀਸ਼ ਅਤੇ ਅਦਾਲਤ ਦੀ ਕਾਰਵਾਈ ਬਾਰੇ ਜਾਣਕਾਰੀ, ਡਾਕਟਰੀ ਸਹਾਇਤਾ ਅਤੇ ਸੰਕਟ ਵੇਲੇ ਦੀ ਰਿਹਾਇਸ਼ ਪ੍ਰਦਾਨ ਕਰਦੀ ਹੈ।

### ਸਹਾਇਕ ਵਿਅਕਤੀ

ਇਕ ਵਿਅਕਤੀ ਜੋ ਤਫਤੀਸ਼ ਦੇ ਦੌਰਾਨ ਜਜ਼ਬਾਤੀ ਸਹਾਇਤਾ ਦਿੰਦਾ ਹੈ। ਉਹ ਦੋਸਤ, ਪਰਿਵਾਰ ਦਾ ਜੀਅ ਜਾਂ ਸਹਾਇਤਾ ਸੇਵਾ ਦਾ ਕਾਮਾ ਜਾਂ ਸਵੈ-ਸੇਵਕ ਹੋ ਸਕਦਾ ਹੈ। ਇਹ ਵਿਅਕਤੀ ਜ਼ੁਰਮ ਦਾ ਗਵਾਹ ਨਹੀਂ ਹੋ ਸਕਦਾ ਅਤੇ ਪੁਲੀਸ ਦੀ ਤਫਤੀਸ਼ ਵਿੱਚ ਅੜਿੱਕਾ ਨਹੀਂ ਪਾਏਗਾ।

**ਜਾਸੂਸ:**

## ਵਾਪਸੀ ਸਲਾਹ ਪ੍ਰਦਾਨ ਕਰਨਾ

ਜੇਕਰ ਤੁਹਾਨੂੰ ਲੱਗਦਾ ਹੈ ਕਿ ਅਸੀਂ ਤੁਹਾਡੇ ਨਾਲ ਸਨਮਾਨ ਵਾਲਾ ਵਤੀਰਾ ਨਹੀਂ ਕੀਤਾ ਜਾਂ ਸਹੀ ਜਾਣਕਾਰੀ ਨਹੀਂ ਦਿੱਤੀ, ਤੁਸੀਂ ਇਸ ਤਰ੍ਹਾਂ ਸ਼ਿਕਾਇਤ ਕਰ ਸਕਦੇ ਹੋ:

- ਆਪਣੇ ਸਥਾਨਿਕ ਪੁਲੀਸ ਸਟੇਸ਼ਨ ਨਾਲ ਸੰਪਰਕ ਕਰਕੇ (ਵਿਸਥਾਰ ਲਈ **police.vic.gov.au/location** ਉਪਰ ਜਾਓ)
- ਈਮੇਲ **complaints@police.vic.gov.au**

ਜੇਕਰ ਤੁਸੀਂ ਸੇਵਾ ਬਾਰੇ ਵਧੀਆ ਵਾਪਸੀ ਸਲਾਹ ਦੇਣੀ ਚਾਹੁੰਦੇ ਹੋ ਜੋ ਸੇਵਾ ਤੁਸੀਂ ਪ੍ਰਾਪਤ ਕੀਤੀ ਹੈ, ਈਮੇਲ ਕਰੋ **compliments@police.vic.gov.au**

### ਰਿਵਾਇਤੀ ਮਾਲਕਾਂ ਪ੍ਰਤੀ ਆਭਾਰ

ਵਿਕਟੋਰੀਆ ਪੁਲੀਸ ਜ਼ਮੀਨਾਂ ਦੇ ਰਿਵਾਇਤੀ ਮਾਲਕਾਂ ਲਈ ਸਨਮਾਨ ਪ੍ਰਗਟ ਕਰਦੀ ਹੈ ਜਿਸ ਉਪਰ ਅਸੀਂ ਰਹਿੰਦੇ ਅਤੇ ਕੰਮ ਕਰਦੇ ਹਾਂ।

ਅਸੀਂ ਸਾਰੇ ਮੂਲਵਾਸੀ ਅਤੇ ਟੌਰੈਸ ਸਟਰੇਟ ਆਈਲੈਂਡ ਲੋਕਾਂ ਅਤੇ ਬਜ਼ੁਰਗਾਂ ਲਈ ਸਨਮਾਨ ਪ੍ਰਗਟ ਕਰਦੇ ਹਾਂ ਜੋ ਆਪਣੇ ਦੇਸ਼, ਸਭਿਆਚਾਰ ਅਤੇ ਲੋਕਾਂ ਦੀ ਲਗਾਤਾਰ ਸੰਭਾਲ ਕਰ ਰਹੇ ਹਨ।

ਵਿਕਟੋਰੀਆ ਪੁਲੀਸ ਦੁਆਰਾ ਅਧਿਕਾਰਿਤ ਅਤੇ ਪ੍ਰਕਾਸ਼ਿਤ
Victoria Police Centre
PO Box 913, Melbourne VIC 3001

ਵਿਕਟੋਰੀਆ ਪੁਲੀਸ ਦੁਆਰਾ ਪ੍ਰਕਾਸ਼ਿਤ ਫਰਵਰੀ 2020

© The State of Victoria, Victoria Police 2020

ਇਸ ਪ੍ਰਕਾਸ਼ਨ ਦੇ ਹੱਕ ਰਾਖਵੇਂ ਹਨ। ਕਿਸੇ ਵੀ ਤਰੀਕੇ ਨਾਲ ਇਸ ਦਾ ਕੋਈ ਵੀ ਹਿੱਸਾ ਦੋਬਾਰਾ ਨਹੀਂ ਛਾਪਿਆ ਜਾ ਸਕਦਾ ਸਿਵਾਏ ਕਾਪੀਰਾਈਟ ਕਾਨੂੰਨ 1968 ਦੀਆਂ ਸ਼ਰਤਾਂ ਦੇ ਅਨੁਸਾਰ।

VICTORIA POLICE